ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030402
Available online at: www.armaan.org.in
DOI: https://doi.org/10.64119/armaan.vol.3.issue4.02

# ਪ੍ਰਮੁੱਖ ਸਿੱਖ ਪ੍ਰਚਾਰਕ ਕਵੀਸ਼ਰਾਂ ਦਾ ਯੋਗਦਾਨ
# (ਸਿੱਖੀ ਪ੍ਰਚਾਰ ਤੇ ਪ੍ਰਸੰਗਾਂ ਦੇ ਵਿਸ਼ੇਸ਼ ਸੰਦਰਭ ਵਿਚ)
# Parmukh Sikh Parchark Kavishran Da Yogdan
# (Sikhi Parchar Te Parsanga De Vishesh Sandarbh Vich)

**ਪਰਮਿੰਦਰ ਸਿੰਘ (Parminder Singh)**
**ਖੋਜਾਰਥੀ, ਗੁਰੂ ਨਾਨਕ ਅਧਿਐਨ ਵਿਭਾਗ (Research Scholar, Dept. of Guru Nanak Studies)**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੰਜਾਬ)**
**Email ID: Singhparminder32221@gmail.com ਮੋਬਾਈਲ: +91-62839-31520**

**ਸਾਰ (Abstract)**

*ਪੰਜਾਬੀ ਭਾਸ਼ਾ ਦੇ ਅੰਤਰਗਤ ਵੱਡੇ ਪੱਧਰ ਤੇ ਸਾਹਿਤ ਰਚਨਾ ਹੋਈ ਮਿਲਦੀ ਹੈ। ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਅਧੀਨ ਲੋਕ-ਕਾਵਿ ਆਉਂਦਾ ਹੈ ਅਤੇ ਲੋਕ-ਕਾਵਿ ਦੇ ਅੰਤਰਗਤ ਕਵੀਸ਼ਰੀ ਇੱਕ ਨਿਵੇਕਲੀ ਗਾਇਨ-ਸ਼ੈਲੀ ਵਜੋਂ ਮਿਲਦੀ ਹੈ। ਸਿੱਖ ਧਰਮ ਵਿਚ ਕਥਾ, ਕੀਰਤਨ, ਢਾਡੀ ਪ੍ਰਚਾਰ ਪਰੰਪਰਾਵਾਂ ਦੇ ਨਾਲ-ਨਾਲ ਕਵੀਸ਼ਰੀ ਕਲਾ ਵੀ ਗੁਰੂ ਕਾਲ ਤੋਂ ਸਿੱਖ ਵਿਰਾਸਤ ਦਾ ਹਿੱਸਾ ਰਹੀ ਹੈ। ਢਾਡੀਆਂ ਵਾਂਗ ਕਵੀਸ਼ਰ ਵੀ ਸਿੱਖ ਇਤਿਹਾਸ ਨੂੰ ਪ੍ਰਚਾਰਨ ਦੇ ਵੱਡੇ ਸਾਧਨ ਰਹੇ ਹਨ। ਇਨ੍ਹਾਂ ਨੇ ਹੀ ਲੋਕ ਮਾਨਸਿਕਤਾ ਨੂੰ ਆਪਣੇ ਕੀਮਤੀ ਸਿੱਖ ਵਿਰਸੇ ਨਾਲ ਜੋੜਨ ਦਾ ਯਤਨ ਕੀਤਾ ਹੈ। ਵੀਂਹਵੀਂ ਸਦੀ ਦੇ ਪ੍ਰਮੁੱਖ ਸਿੱਖ ਪ੍ਰਚਾਰਕ ਕਵੀਸ਼ਰਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ ਦੀ ਰਚਨਾ ਕਰਕੇ ਸਿੱਖ ਫਲਸਫ਼ੇ ਦੇ ਪ੍ਰਚਾਰ ਵਿਚ ਅਹਿਮ ਯੋਗਦਾਨ ਪਾਇਆ ਹੈ। ਪੰਜਾਬੀ ਜਨ ਸਮੂਹ ਵਿਚ ਕਵੀਸ਼ਰਾਂ ਨੂੰ ਬਹੁਤ ਲੋਕਪ੍ਰਿਯਤਾ ਹਾਸਿਲ ਹੋਈ ਹੈ। ਜਿਸਦਾ ਅੰਦਾਜ਼ਾ ਲੱਖਾਂ ਦੀ ਗਿਣਤੀ ਵਿਚ ਪ੍ਰਚਾਰਕ ਸਿੱਖ ਕਵੀਸ਼ਰਾਂ ਦੀਆਂ ਪੁਸਤਕਾਂ ਛਪਣ ਤੇ ਵਿਕਣ ਤੋਂ ਲੱਗਦਾ ਹੈ। ਜਿਵੇਂ ਸਿੱਖ ਢਾਡੀ ਪ੍ਰਚਾਰਕ ਢਾਡੀ ਪਰੰਪਰਾ ਦਾ ਆਰੰਭ ਗੁਰੂ ਹਰਗੋਬਿੰਦ ਸਾਹਿਬ ਤੋਂ ਮੰਨਦੇ ਹਨ। ਉਸੇ ਤਰ੍ਹਾਂ ਸਿੱਖ ਪ੍ਰਚਾਰਕ ਕਵੀਸ਼ਰਾਂ ਦਾ ਮੰਨਣਾ ਹੈ ਕਿ ਸਿੱਖ ਧਰਮ ਵਿਚ ਕਵੀਸ਼ਰੀ ਕਲਾ ਨੂੰ ਸਰਪ੍ਰਸਤੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਉਂਟਾ ਸਾਹਿਬ ਵਿਖੇ ਦਿੱਤੀ। ਉਪਰੰਤ ਮਾਲਵੇ ’ਚ ਇਹ ਕਵੀਸ਼ਰੀ ਖੁੱਲੇ ਰੂਪ (ਅਖਾੜਿਆਂ) ’ਚ ਗਾਈ ਜਾਣ ਲੱਗੀ। ਫਿਰ ਸਾਰੇ ਪੰਜਾਬ ਵਿਚ ਕਵੀਸ਼ਰੀ ਕਲਾ ਨੇ ਆਪਣਾ ਪਸਾਰਾ ਕੀਤਾ। ਇਹ ਖੋਜ ਪਰਚਾ ਕੁਝ ਚੋਣਵੇਂ ਸਿੱਖ ਪ੍ਰਚਾਰਕ ਕਵੀਸ਼ਰਾਂ ਉੱਪਰ ਕੇਂਦਰਿਤ ਹੈ। ਜਿਨ੍ਹਾਂ ਨੇ ਸਾਹਿਤ ਰਚਨਾ ਦੇ ਨਾਲ-ਨਾਲ ਧਾਰਮਿਕ ਸਮਾਗਮਾਂ ਵਿਚ ਇਤਿਹਾਸ ਦੀ ਪੇਸ਼ਕਾਰੀ ਦੇ ਨਾਲ-ਨਾਲ ਕੈਸਟਾਂ, ਰੇਡੀਉ, ਟੈਲੀਵਿਜ਼ਨ ਉੱਪਰ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ ਦੀ ਪੇਸ਼ਕਾਰੀ ਕਰਕੇ ਸਿੱਖੀ ਪ੍ਰਚਾਰ-ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ ਹੈ।*

***ਕੀਵਰਡ (Keyword):*** *ਪਰੰਪਰਾ, ਕਵੀਸ਼ਰੀ, ਇਤਿਹਾਸਕ ਪ੍ਰਸੰਗ, ਪੇਸ਼ਕਾਰੀ, ਪ੍ਰਚਾਰ, ਕਾਵਿ-ਵੰਨਗੀ।*

ਕਵੀਸ਼ਰ ਸ਼ਬਦ ਕਵੀ+ਈਸ਼ਰ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ । ਪੰਜਾਬ ਦੀ ਵਸੋਂ ਬਾਰੇ ਕੀਤੀ ਖੋਜ ਦੇ ਆਧਾਰ ਤੇ ਐਚ.ਏ ਰੋਜ਼ ਦੁਆਰਾ ਤਿਆਰ ਕੀਤੀ ਪੁਸਤਕ ਵਿਚ ਕਪੂਰਥਲਾ ਦੇ ਰਾਜ ਕਵੀਆਂ ਦਾ ਉਲੇਖ ਕਰਦਿਆਂ *“ਦੇਵਤਿਆਂ ਰਿਖੀਆਂ ਪਿਤਰਾਂ ਤੇ ਹਰੀਕੇ ਨੰਦਨ ਦਾ ਜਸ ਗਾਉਣ ਵਾਲੇ ਗਵੱਈਆਂ ਨੂੰ ਕਵੀਸ਼ਰ ਆਖਿਆ ਗਿਆ ਹੈ”।*[1] ਕਵੀਸ਼ਰ ਸ਼ਬਦ ਸੋਢੀ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਵੀ ਵਰਤਿਆ ਗਿਆ ਹੈ। *ਭਾਈ ਕਾਨ੍ਹ ਸਿੰਘ ਨਾਭਾ ਨੇ ਕਵੀਸ਼ਰੀ ਨੂੰ ਪ੍ਰਭਾਸ਼ਿਤ ਕਰਦਿਆਂ ‘ਕਵੀਸ਼੍ਵਰ’ ਦੇ ਪਦ ਨਾਲ ਜੋੜਿਆ ਹੈ। ਅਤੇ ਇਸਨੂੰ ਸਿਰੋਮਣ-ਕਾਵਿ ਦੇ ਅਰਥਾਂ ਵਿਚ ਪੇਸ਼ ਕੀਤਾ ਹੈ।*[2] ਕਵੀਸ਼ਰ ਅਰਥਾਤ ਕਵੀਆਂ ਦੇ ਸਿਰਤਾਜ ਜਾਂ ਸ੍ਰੇਸ਼ਟ ਕਵੀ ਦੀ ਰਚੀ ਕਵਿਤਾ ਨੂੰ ਕਿਹਾ ਜਾਂਦਾ ਹੈ। ਕਵੀਸ਼ਰੀ ਅਜਿਹਾ ਕਾਵਿ-ਰੂਪ ਹੈ ਜੋ ਪਿੰਗਲ ਅਤੇ ਪਿੰਗਲ ਤੋਂ ਵਿਕਸਿਤ ਕੀਤੇ ਛੰਦਾਂ ਜਾਂ ਲੋਕ ਕਾਵਿ-ਰੂਪਾਂ ਵਿਚ ਰਚੀ ਜਾਂਦੀ ਹੈ। ਕਵੀਸ਼ਰੀ ਬਿਨਾਂ ਸਾਜ਼ ਦੀ ਗਾਇਕੀ ਹੈ। ਕਵੀਸ਼ਰ ਸਬਦ ਦੀ ਵਰਤੋਂ ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਕੀਤੀ ਹੈ ।

*ਕਿਤੜੇ ਲਖ ਕਵੀਸਰਾ ਬ੍ਰਹਮ ਭਾਟ ਬ੍ਰਹਮਾਉ ਬਖੋਏ।।*[3]

ਹਥਲਾ ਖੋਜ-ਪਰਚਾ ਸਿੱਖ ਪ੍ਰਚਾਰਕ ਕਵੀਸ਼ਰਾਂ ਦੀ ਜਾਣ-ਪਛਾਣ ਨਾਲ ਸੰਬੰਧ ਰੱਖਦਾ ਹੈ। ਜਿਵੇ ਸਿਧਾਂਤ ਤੇ ਇਤਿਹਾਸ ਆਪਸ ਵਿਚ ਸਰੀਰ ਤੇ ਰੂਹ ਵਾਂਗ ਅੰਤਰ ਸੰਬੰਧ ਰੱਖਦੇ ਹਨ ਉਵੇਂ ਹੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਰੂਹ ਅਤੇ ਇਤਿਹਾਸ ਸਰੀਰ ਦੇ ਸਮਾਨ ਹੈ। ਸਿੱਖ ਇਤਿਹਾਸ ਨੂੰ ਸਾਡੇ ਪੁਰਖਿਆਂ ਨੇ ਗੁਰਮਤਿ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ ਸਿਰਜਿਆ ਹੈ। ਇਸੇ ਇਤਿਹਾਸ ਨੂੰ ਆਮ ਜਨ ਸਧਾਰਨ ਤੱਕ ਪਹੁੰਚਾਉਣ ਵਿਚ ਸਿੱਖ ਪ੍ਰਚਾਰਕ ਕਵੀਸ਼ਰਾਂ ਨੇ ਅਹਿਮ ਰੋਲ ਅਦਾ ਕੀਤਾ ਹੈ। ਜਿਨ੍ਹਾਂ ਨੇ ਇਤਿਹਾਸਿਕ ਗ੍ਰੰਥਾਂ ਨੂੰ ਪੜ੍ਹ ਕੇ, ਗੁਰੂ ਸਾਹਿਬਾਨ ਦੇ ਜੀਵਨ ਪ੍ਰਸੰਗਾਂ, ਸੂਰਬੀਰ ਯੋਧਿਆਂ ਦੇ ਜੰਗਾਂ-ਯੁੱਧਾਂ ਤੇ ਸ਼ਹਾਦਤਾਂ ਨੂੰ ਲੋਕਾਂ ਦੀ ਜੁਬਾਨ ਵਿਚ ਲਿਖ ਕੇ, ਉਸ ਨੂੰ ਛੰਦਾਬੰਦੀ ਕਵਿਤਾ ਵਿਧਾਨ ’ਚ ਢਾਲ ਕੇ, ਸੰਗੀਤਕ ਰੂਪ ਦਿਲਚਸਪ ਬਣਾਕੇ ਲੋਕਾਂ ਤੱਕ ਪਹੁੰਚਾਇਆ ਹੈ। ਵੀਹਵੀਂ ਸਦੀ ਵਿਚ ਕਵੀਸ਼ਰੀ ਪਰੰਪਰਾ ਵਿਚ ਕਈ ਮਹਾਂਰਥੀ ਪੈਦਾ ਹੋਏ ਹਨ। ਜਿਵੇਂ ਮਾਘੀ ਸਿੰਘ ਗਿੱਲ, ਸ਼ੇਰ ਸਿੰਘ ਸੰਦਲ, ਬਾਬੂ ਰਜਬ ਅਲੀ, ਸਾਧੂ ਦਇਆ ਸਿੰਘ ਆਰਿਫ਼, ਮੋਹਨ ਸਿੰਘ ਰੋਡੇ, ਪੰਡਿਤ ਬੀਰਬਲ, ਕਰਨੈਲ ਸਿੰਘ ਪਾਰਸ, ਬਲੀ ਸਿੰਘ, ਬੂੜ ਸਿੰਘ ਫਿਰਤੂ,

 Received: 01 Nov. 2025 Accepted: 30 Nov. 2025 Published: 05 Dec. 2025

ਮਹਿੰਦਰ ਸਿੰਘ ਅਣਖੀ, ਜਗੀਰ ਸਿੰਘ ਮਸਤ, ਬਲਦੇਵ ਸਿੰਘ ਬੈਂਕਾ, ਲਖਮੀਰ ਸਿੰਘ ਮਸਤ, ਸੁਖਵਿੰਦਰ ਸਿੰਘ ਮੋਮੀ, ਗੁਰਦਿਆਲ ਸਿੰਘ ਦਿਆਲ, ਇਤਿਆਦਿ। ਇਨ੍ਹਾਂ ਤੋਂ ਇਲਾਵਾ ਕੋਈ ਚੋਣਵੇਂ ਸਿੱਖ ਪ੍ਰਚਾਰਕ ਕਵੀਸ਼ਰ ਜਿਵੇਂ ਜੋਗਾ ਸਿੰਘ ਜੋਗੀ, ਜਰਨੈਲ ਸਿੰਘ ਸਭਰਾਵਾਂ ਅਤੇ ਪੰਡਤ ਮੋਹਨ ਸਿੰਘ ਘਰਿਆਲਾ ਅਜਿਹੇ ਕਵੀਸ਼ਰ ਹਨ ਜਿਨ੍ਹਾਂ ਨੇ ਸਾਰੀ ਉਮਰ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾ ਨੂੰ ਲਿਖਿਆ ਅਤੇ ਸਿੱਖ ਸਟੇਜਾਂ ਉੱਪਰ ਗਾਵਿਆ। ਇਨ੍ਹਾਂ ਵਿਚ ਜੋਗਾ ਸਿੰਘ ਜੋਗੀ, ਜਰਨੈਲ ਸਿੰਘ ਸਭਰਾ ਦੀ ਕਵੀਸ਼ਰੀ ਨਾਲ ਸੰਬੰਧਿਤ ਕਿਤਾਬਾਂ ਤੇ ਕੈਸਟਾਂ ਦੀ ਬਹੁਤ ਵਿਕਰੀ ਹੋਈ। ਪਰ ਪੰਡਤ ਮੋਹਨ ਸਿੰਘ ਘਰਿਆਲਾ ਦੀ ਸਾਰੀ ਕਵੀਸ਼ਰੀ ਅਣ-ਪ੍ਰਕਾਸ਼ਿਤ ਹੀ ਰਹੀ ਹੈ। *ਜੋਗਾ ਸਿੰਘ ਜੋਗੀ ਮਾਝੇ ਖਿੱਤੇ ਦਾ ਪਹਿਲਾ ਅਜਿਹਾ ਨਾਮਵਰ ਕਵੀਸ਼ਰ ਹੋਇਆ ਜਿਸਨੇ ਆਪਣੀ ਸਾਰੀ ਕਵੀਸ਼ਰੀ ਨੂੰ ਪ੍ਰਕਾਸ਼ਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ।*[4] ਢਾਡੀ ਅਤੇ ਕਵੀਸ਼ਰ ਲੋਕ ਅਖਾੜਿਆਂ ਤੇ ਧਾਰਮਿਕ ਦੋਹਾਂ ਰੂਪਾਂ ਵਿਚ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਆਏ ਹਨ। ਪਰ ਇਸ ਖੋਜ ਪਰਚੇ ਵਿਚ ਵਰਣਿਤ ਸਿੱਖ ਪ੍ਰਚਾਰਕ ਕਵੀਸ਼ਰ ਸਿੱਖ ਧਰਮ ਨੂੰ ਪੂਰਨ ਤੌਰ ਤੇ ਸਮਰਪਿਤ ਗਵੱਈਏ ਕਵੀਸ਼ਰ ਹਨ ਜੋ ਜਣੇ-ਖਣੇ ਦੇ ਗੀਤ ਗਾਉਣ ਦੀ ਥਾਂ ਕੇਵਲ ਗੁਰੂ ਦਾ ਜਸ ਗਾਇਨ ਕਰਦੇ ਰਹੇ ਹਨ ਤੇ ਕੌਮੀ ਲਹਿਰ ਦੇ ਪ੍ਰਸੰਗ ਸੁਣਾ ਕੇ ਸਰੋਤਿਆਂ ਨੂੰ ਸਾਵਧਾਨ ਕਰਦੇ ਆਏ ਹਨ। ਕਵੀਸ਼ਰਾ ਦੇ ਪ੍ਰਮੁੱਖ ਤਿੰਨ ਰੂਪ ਦਿਖਾਈ ਪੈਂਦੇ ਹਨ।

1. ਕਵੀ/ਕਵੀਸ਼ਰ
2. ਕਵੀਸ਼ਰ
3. ਗਵੱਈਆ ਕਵੀਸ਼ਰ

ਕਵੀ ਕਿੱਸਾਕਾਰ ਕਵੀਸ਼ਰ ਉਹ ਹਨ ਜੋ ਕੇਵਲ ਕਵੀਸ਼ਰੀ ਲਿਖਦੇ ਹਨ ਪਰ ਆਪ ਨਹੀਂ ਗਾਉਂਦੇ। ਅਜਿਹੇ ਕਵੀਸ਼ਰਾਂ ਦੀ ਰਚਨਾ ਦਾ ਸਰੂਪ ਸਾਹਿਤਿਕ ਹੁੰਦਾ ਹੈ। ਦੂਜੀ ਪ੍ਰਕਾਰ ਦੇ ਕਵੀਸ਼ਰ ਉਹ ਹਨ ਜੋ ਆਪ ਹੀ ਲਿਖਦੇ ਤੇ ਆਪ ਹੀ ਆਪਣੀ ਰਚਨਾ ਦਾ ਗਾਇਨ ਕਰਦੇ ਹਨ। ਤੀਸਰੀ ਪ੍ਰਕਾਰ ਦੇ ਕਵੀਸ਼ਰ ਉਨ੍ਹਾਂ ਗਵੱਈਏ ਜਾਂ ਗਾਇਕ ਕਵੀਸ਼ਰਾਂ ਨੂੰ ਕਿਹਾ ਜਾਂਦਾ ਹੈ ਜੋ ਆਪ ਨਹੀਂ ਲਿਖਦੇ ਸਗੋਂ ਕਿਸੇ ਹੋਰ ਕਵੀਸ਼ਰ ਦੀ ਲਿਖੀ ਹੋਈ ਰਚਨਾ ਦਾ ਗਾਇਨ ਕਰਦੇ ਹਨ। ਸੰਬੰਧਿਤ ਖੋਜ ਪਰਚੇ ਵਿਚ ਜਿੰਨ੍ਹਾਂ ਸਿੱਖ ਪ੍ਰਚਾਰਕ ਕਵੀਸ਼ਰਾਂ ਦਾ ਜ਼ਿਕਰ ਕੀਤਾ ਗਿਆ ਹੈ ਉਹ ਇਤਿਹਾਸਕਾਰ, ਬੁਲਾਰੇ, ਰਚਨਾਕਾਰ ਹੋਣ ਦੇ ਨਾਲ-ਨਾਲ ਕਵੀਸ਼ਰੀ ਦਾ ਸੁਚੱਜਾ ਸੁਮੇਲ ਸਨ। ਪ੍ਰਮੁੱਖ ਸਿੱਖ ਪ੍ਰਚਾਰਕ ਕਵੀਸ਼ਰਾਂ ਦਾ ਵਰਨਣ ਨਿਮਨ ਅੰਕਿਤ ਹੈ।

### ਜੋਗਾ ਸਿੰਘ ਜੋਗੀ

ਆਪ ਦਾ ਜਨਮ 11 ਨਵੰਬਰ 1932 ਈ. ਨੂੰ ਸਰਦਾਰ ਜਵੰਦ ਸਿੰਘ ਜੀ ਦੇ ਘਰ ਮਾਤਾ ਦਲੀਪ ਕੌਰ ਦੀ ਕੁੱਖੋਂ, ਪਿੰਡ ਤੋਂ ਤੁਗਲਵਾਲਾ ਜ਼ਿਲ੍ਹਾ-ਗੁਰਦਾਸਪੁਰ ਵਿਚ ਹੋਇਆ। *"ਉੱਚ ਕੋਟੀ ਦਾ ਮਿਆਰੀ ਲਿਖਾਰੀ ਹੋਣਾ, ਟਕਸਾਲੀ ਗਵੱਈਆ ਹੋਣਾ, ਅਤੇ ਆਪਣੇ ਬੋਲਾਂ ਨਾਲ ਤੁਰੇ ਜਾਂਦੇ ਰਾਹੀਆਂ ਨੂੰ ਟਿਕਾ ਲੈਣ ਦੀ ਸਮਰੱਥਾ ਇਹ ਸਭ ਕੁਝ ਕੇਵਲ ਤੇ ਕੇਵਲ ਆਪ ਦੇ ਹੀ ਹਿੱਸੇ ਆਇਆ ਹੈ"।*[5] ਆਪ ਦਾ ਬਚਪਨ ਬਹੁਤ ਤੰਗੀ ਵਿਚ ਗੁਜਰਿਆ। ਬਚਪਨ ਵਿਚ ਹੀ ਪਿਤਾ ਦੀ ਮੌਤ ਹੋਣ ਕਾਰਣ ਪਰਿਵਾਰਿਕ ਜ਼ਿੰਮੇਵਾਰੀਆਂ ਦਾ ਬੋਝ ਸਿਰ ਉੱਪਰ ਪੈ ਗਿਆ। ਬਚਪਨ ਵਿਚ ਆਪ ਅੱਤ ਦੀ ਗਰੀਬੀ ਵਿਚ ਘਾਹ ਖੋਤਕੇ, ਵੇਚ ਕੇ ਗੁਜ਼ਾਰਾ ਕਰਦੇ ਰਹੇ। ਗੁਰਦੁਆਰੇ ਦੀ ਇੱਕ ਮਹੰਤ ਬੀਬੀ ਪਾਸੋਂ ਪੰਜਾਬੀ ਲਿਖਣੀ ਤੇ ਪੜ੍ਹਨੀ ਸਿੱਖੀ। ਇਕ ਉੱਚ-ਕੋਟੀ ਦੇ ਕਵੀਸ਼ਰ ਵੱਲ ਦੇਖ ਕੇ ਕਵੀਸ਼ਰੀ ਲਈ ਚਿਣਗ ਜਾਗੀ ਪਰ ਉਸਨੇ ਕਵੀਸ਼ਰੀ ਸਿਖਾਉਣ ਤੋਂ ਇਨਕਾਰ ਕਰ ਦਿੱਤਾ। ਉਪਰੰਤ ਜੋਗਾ ਸਿੰਘ ਨੇ ਬਾਪੂ ਬਲੀ ਸਿੰਘ ਗੰਡੀਵਿੰਡ ਨੂੰ ਆਪਣਾ ਉਸਤਾਦ ਧਾਰਨ ਕਰਕੇ ਕਵੀਸ਼ਰੀ ਦੇ ਗੁਰ ਸਿੱਖਣੇ ਆਰੰਭ ਦਿੱਤੇ। ਬਲੀ ਸਿੰਘ ਮਾਝੇ ਦੇ ਖੇਤਰ ਵਿਚ ਬਹੁਤ ਪ੍ਰਭਾਵੀ ਕਵੀਸ਼ਰ ਸੀ। ਅਤੇ ਉਹ ਦੇਸ਼-ਭਗਤੀ ਦੇ ਜਜ਼ਬੇ ਅਧੀਨ ਕਵੀਸ਼ਰੀ ਦੀ ਪੇਸ਼ਕਾਰੀ ਕਰਦਾ ਹੁੰਦਾ ਸੀ। ਉਸ ਨੇ ਗਦਰੀ ਬਾਬਿਆਂ ਦੇ ਸੰਪਰਕ ਵਿਚ ਆਣ ਕੇ, ਦੇਸ਼ ਦੀ ਆਜ਼ਾਦੀ ਲਈ ਵੀ ਕਵੀਸ਼ਰੀ ਲਿਖੀ। ਤਦ ਅੰਗਰੇਜ਼ ਸਰਕਾਰ ਨੇ ਉਸ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਸਨ। ਜੋਗਾ ਸਿੰਘ ਜੋਗੀ ਦਾ ਉਸਤਾਦ ਬਾਪੂ ਬਲੀ ਸਿੰਘ ਲਾਹੌਰ, ਅੰਮ੍ਰਿਤਸਰ, ਲਾਇਲਪੁਰ ਤੇ ਸਰਗੋਧੇ ਵਿਚ ਹੁੰਦੀਆਂ ਅੰਗਰੇਜ਼ ਸਰਕਾਰ ਵਿਰੁੱਧ ਕਾਨਫਰੰਸਾਂ ਵਿਚ ਕਵੀਸ਼ਰੀ ਗਾਇਨ ਕਰਕੇ ਲੋਕਾਂ ਦੀ ਵਾਹ-ਵਾਹ ਖੱਟਦਾ ਸੀ। ਬਾਪੂ ਬਲੀ ਸਿੰਘ ਗੰਡੀਵਿੰਡ ਵਾਲੇ ਪਾਸੋਂ ਕਵੀਸ਼ਰੀ ਦਾ ਗਿਆਨ ਹਾਸਿਲ ਕਰਨ ਉਪਰੰਤ ਜੋਗਾ ਸਿੰਘ ਜੋਗੀ ਨੇ ਆਪਣਾ ਸੁਤੰਤਰ ਕਵੀਸ਼ਰੀ ਜੱਥਾ ਬਣਾ ਕੇ ਪੇਸ਼ਕਾਰੀ ਕਰਨੀ ਸ਼ੁਰੂ ਕਰ ਦਿੱਤੀ। ਜੋਗੀ ਦੇ ਮੁੱਢਲੇ ਸਾਥੀਆਂ ਵਿਚੋਂ ਸਰਦਾਰ ਮਹਿੰਦਰ ਸਿੰਘ ਅਤੇ ਬੂੜ ਸਿੰਘ ਫਿਰਤੂ 'ਵਡਾਲੇ' ਦੇ ਰਹਿਣ ਵਾਲੇ ਸਨ। ਆਪਣੇ ਜਥੇ ਸਮੇਤ ਜੋਗਾ ਸਿੰਘ ਜੋਗੀ ਨੇ ਪਹਿਲੀ ਪੇਸ਼ਕਾਰੀ 15 ਅਗਸਤ 1947 ਈ. ਨੂੰ ਬਾਬਾ ਬਕਾਲਾ ਦੇ ਸਲਾਨਾ ਜੋੜ-ਮੇਲੇ ਦਰਮਿਆਨ ਦਿੱਤੀ ਸੀ।

ਪੰਥਕ ਸੇਵਾਵਾਂ ਵਿਚ ਯੋਗਦਾਨ : ਬੂੜ ਸਿੰਘ ਫਿਰਤੂ ਤੇ ਮਹਿੰਦਰ ਸਿੰਘ ਤੋਂ ਬਾਅਦ ਆਪ ਦੇ ਜਥੇ ਵਿਚ ਸਰੂਪ ਸਿੰਘ ਸੂਰਵਿੰਡ ਤੇ ਜਗੀਰ ਸਿੰਘ ਮਸਤ ਕਵੀਸ਼ਰ ਨੇ ਸਥਾਨ ਗ੍ਰਹਿਣ ਕੀਤਾ। ਇਸ ਜੋਟੀ ਦੇ ਮਿਲਣ ਨਾਲ ਜੋਗੀ ਦੀ ਕਵੀਸ਼ਰੀ ਦਾ ਦੁਨੀਆਂ ਤੇ ਨਾਂ ਬਨਣ ਲੱਗਾ। ਇਸ ਸਮੇਂ ਦੌਰਾਨ ਪੰਜਾਬੀ ਸੂਬਾ ਮੋਰਚਾ ਚੱਲ ਰਿਹਾ ਸੀ। ਇਸ ਮੋਰਚੇ ਵਿਚ ਜੋਗਾ ਸਿੰਘ ਜੋਗੀ ਨੇ ਤਿੰਨ ਮਹੀਨੇ ਰੋਹਤਕ ਵਿਖੇ ਜੇਲ੍ਹ ਕੱਟੀ ਅਤੇ ਇਥੇ ਕੈਦੀ ਜੀਵਨ ਦੌਰਾਨ ਕਵੀਸ਼ਰੀ ਦਾ ਕੀਮਤੀ ਖਜ਼ਾਨਾ ਇਤਿਹਾਸਿਕ ਪ੍ਰਸੰਗ ਰਚੇ, ਜਿਵੇਂ ਸ਼ਹੀਦ ਸਰਦਾਰ ਹਰੀ ਸਿੰਘ ਨਲੂਆ, ਪ੍ਰਸੰਗ ਸ਼ਹੀਦ ਬਾਬਾ ਦੀਪ ਸਿੰਘ ਜੀ, ਪ੍ਰਸੰਗ ਸ਼ਹੀਦ ਭਗਤ ਸਿੰਘ, ਪ੍ਰਸੰਗ ਬੱਬਰ ਅਕਾਲੀ, ਆਦਿ। ਸਮੇਂ-ਸਮੇਂ ਤੇ ਇਨ੍ਹਾਂ ਦੇ ਜਥੇ ਦੇ ਕਵੀਸ਼ਰ ਸਾਥੀ ਬਦਲਦੇ ਰਹੇ। ਆਪ ਦੇ ਜਥੇ ਵਿਚ ਜਦ ਗੁਰਮੁਖ ਸਿੰਘ (ਦਾਮਾਦ ਜੋਗਾ ਸਿੰਘ ਜੋਗੀ) ਦਲਬੀਰ ਸਿੰਘ ਤੇ ਸਰਦਾਰਾ ਸਿੰਘ ਸ਼ੌਕੀ ਸ਼ਾਮਿਲ ਹੋਏ। ਤਦ ਇਨ੍ਹਾਂ ਦੀ ਆਵਾਜ਼ ਵਿਚ ਰਿਕਾਰਡ ਹੋਈਆਂ ਕੈਸਟਾਂ ਦੀ ਵਿਕਰੀ ਲੱਖਾਂ ਦੀ ਗਿਣਤੀ ਵਿਚ ਜਾ ਪੁੱਜੀ। *1983 ਈ. ਵਿਚ ਜੋਗਾ ਸਿੰਘ ਜੋਗੀ ਨੇ ਆਪਣੇ ਜਥੇ ਸਮੇਤ ਕੈਸਟਾਂ ਰਿਕਾਰਡ ਕਰਵਾਉਣੀਆਂ ਆਰੰਭ ਕੀਤੀਆਂ ਅਤੇ ਇਸੇ ਸਿਲਸਿਲੇ ਤਹਿਤ 100 ਤੋਂ ਵੱਧ ਕੈਸਟਾਂ ਰਿਕਾਰਡ ਹੋਈਆਂ। ਜੋ ਬੇਹੱਦ ਮਕਬੂਲ ਰਹੀਆਂ। ਉਨ੍ਹਾਂ ਵਿਚੋਂ ਕੁਝ ਪ੍ਰਸਿੱਧ ਕੈਸਟਾਂ ਇਸ ਪ੍ਰਕਾਰ ਹਨ। ਮਹਾਰਾਣੀ ਜਿੰਦਾ ਭਾਗ ਪਹਿਲਾ 3084, ਬਿਧੀ ਚੰਦ ਦੇ ਦੁਸ਼ਾਲੇ 3064, ਬੱਬਰ ਅਕਾਲੀ ਦੋਵੇਂ ਭਾਗ 3086, ਸੱਜਣ ਠੱਗ ਤੇ ਸ਼ਹੀਦੀ ਪੰਚਮ ਪਾਤਸ਼ਾਹ 3050, ਬੀਬੀ ਸੁੰਦਰੀ 3051, ਮੱਸੇ ਦੀ ਮੌਤ 3056, ਜੰਗ ਮੁਕਤਸਰ 3059, ਆਦਿ। ਜੋਗਾ ਸਿੰਘ ਜੋਗੀ ਦੇ ਜਥੇ ਦੁਆਰਾ ਰਿਕਾਰਡ ਕਰਵਾਈਆਂ ਕਵੀਸ਼ਰੀ ਦੀਆਂ ਕੈਸਟਾਂ ਦੀ ਵਿਕਰੀ 70 ਲੱਖ ਤੋਂ ਵੀ ਵਧੀਕ ਹੋਈ ਹੈ।* [6]

ਕਵੀਸ਼ਰੀ ਕਲਾ ਨਾਲ ਸੰਬੰਧਿਤ ਪੁਸਤਕਾਂ ਦੀ ਰਚਨਾ : ਜੋਗਾ ਸਿੰਘ ਜੋਗੀ

ਨੇ 18 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਰਚਨਾਵਾਂ ਵਿਚ ਗੁਰ ਇਤਿਹਾਸ, ਸਿੱਖ ਇਤਿਹਾਸ, ਸਿੱਖੀ ਦਰਦ ਦੇ ਇਤਿਹਾਸਿਕ ਪਰਿਪੇਖ, ਆਪਣੇ ਸਮਕਾਲ ਵਿਚ ਵਰਤੀਆਂ ਘਟਨਾਵਾਂ ਅਤੇ ਜੀਵਨ ਦੇ ਉਤਾਰ-ਚੜਾਅ ਨੂੰ ਆਧਾਰ ਬਣਾ ਕੇ ਹੱਡੀਂ-ਹੰਡਾਏ ਹੋਏ ਸੱਚ ਨੂੰ ਕਵੀਸ਼ਰੀ ਰਚਨਾਵਾਂ ਵਿਚ ਪੇਸ਼ ਕੀਤਾ ਹੈ। ਜੋਗਾ ਸਿੰਘ ਜੋਗੀ ਨੇ ਲਗਭਗ ਪੌਣੀ ਸਦੀ ਕਵੀਸ਼ਰੀ ਦੀ ਸੇਵਾ ਕੀਤੀ। ਇਸ ਸਦੀ ਦੌਰਾਨ ਭਾਰਤ-ਪਾਕਿ ਵੰਡ, ਪੰਜਾਬੀ ਸੂਬਾ ਮੋਰਚਾ, ਪੈਪਸੂ ਮੁਜਾਰਾ ਲਹਿਰ, ਐਮਰਜੈਂਸੀ ਮੋਰਚਾ, ਧਰਮ ਯੁੱਧ ਮੋਰਚਾ, ਆਦਿ ਨੂੰ ਅੱਖੀਂ ਦੇਖਿਆ ਹੀ ਨਹੀਂ ਸਗੋਂ ਆਪਣੇ ਪਿੰਡੇ ਤੇ ਹੰਡਾਉਂਦੇ ਹੋਏ ਜ਼ੁਲਮ ਅਤੇ ਤੱਸ਼ਦਦ ਨੂੰ ਵੀ ਸਹਿਣ ਕੀਤਾ। ਆਪ ਦੁਆਰਾ ਸਭ ਤੋਂ ਪਹਿਲੀ ਪੁਸਤਕ 'ਜੋਗੀ ਨਗਮੇ' ਦੇ ਸਿਰਲੇਖ ਤਹਿਤ ਲਿਖੀ ਗਈ ਸੀ। ਇਸ ਪੁਸਤਕ ਦੇ ਹੁਣ ਤੱਕ 32 ਐਡੀਸ਼ਨ ਵਿਕ ਚੁੱਕੇ ਹਨ। ਇਸ ਤੋਂ ਇਲਾਵਾ ਜੋਗਾ ਸਿੰਘ ਜੋਗੀ ਦੁਆਰ ਸਮੇਂ-ਸਮੇਂ ਤੇ ਕਵੀਸ਼ਰੀ ਕਾਵਿ ਨਾਲ ਸੰਬੰਧਿਤ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ। ਜਿਵੇਂ ਜੋਗੀ ਤਰਾਨੇ, ਬਾਂਕੇ ਜੋਗੀ, ਅਣਖੀਲੇ ਜੋਗੀ, ਗਾਉਂਦੇ ਜੋਗੀ, ਜੋਗੀ ਪ੍ਰਸੰਗ, ਜੋਗੀ ਦੀਆਂ ਟਾਹਰਾਂ, ਬਹਾਦਰ ਜੋਗੀ, ਜੋਗੀ ਦੀ ਕਵੀਸ਼ਰੀ, ਫੁਰਤੀਲੇ ਜੋਗੀ, ਜਰਨੈਲ ਜੋਗੀ, ਦਲੇਰ ਜੋਗੀ, ਬਲਬੀਰ ਜੋਗੀ, ਜੋਗੀ ਦੇ ਅਨਮੋਲ ਮੋਤੀ, ਦਰਵੇਸ਼ ਜੋਗੀ, ਆਦਿ। ਜੋਗਾ ਸਿੰਘ ਜੋਗੀ ਨੂੰ ਆਪਣੇ ਜੀਵਨ ਕਾਲ ਦਰਮਿਆਨ ਰੇਡੀਓ ਅਤੇ ਟੈਲੀਵਿਜ਼ਨ ਉੱਪਰ ਵੀ ਕਵੀਸ਼ਰੀ ਦੀ ਪੇਸ਼ਕਾਰੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਇਤਿਹਾਸਿਕ ਗੁਰਧਾਮਾਂ ਉੱਪਰ ਗੁਰਪੁਰਬਾਂ ਦੇ ਸਮੇਂ ਤੇ ਕਰਵਾਏ ਜਾਂਦੇ ਕਵੀਸ਼ਰੀ ਦਰਬਾਰਾਂ ਵਿਚ ਉਚੇਚੇ ਤੌਰ ਤੇ ਹਾਜਰੀ ਭਰਿਆ ਕਰਦੇ ਸਨ। ਕਵੀਸ਼ਰੀ ਦੇ ਖੇਤਰ ਵਿਚ ਇਨ੍ਹਾਂ ਦੇ ਦਾਮਾਦ ਗੁਰਮੁਖ ਸਿੰਘ ਐਮ.ਏ ਨੇ ਜੋਗਾ ਸਿੰਘ ਜੋਗੀ ਨਾਲ ਪੰਜਾਹ ਸਾਲ ਲਗਾਤਾਰ ਧਾਰਮਿਕ ਸਟੇਜਾਂ ਉੱਪਰ ਕਵੀਸ਼ਰੀ ਗਾਇਨ ਕੀਤੀ ਹੈ। ਅਤੇ ਉਸਨੇ ਜੋਗਾ ਸਿੰਘ ਜੋਗੀ ਦੇ ਜੀਵਨ ਉੱਪਰ ਦੋ ਪੁਸਤਕਾਂ 'ਕਵੀਸ਼ਰੀ ਦਾ ਬੇਤਾਜ ਬਾਦਸ਼ਾਹ ਜੋਗਾ ਸਿੰਘ ਜੋਗੀ' 'ਕਵੀਸ਼ਰੀ ਦਾ ਯੁੱਗ ਪੁਰਸ਼ ਜੋਗਾ ਸਿੰਘ ਜੋਗੀ' ਵਿਸਥਾਰ ਸਹਿਤ ਲਿਖ ਕੇ ਪਾਠਕਾਂ ਦੇ ਸਨਮੁਖ ਪੇਸ਼ ਕੀਤੀਆਂ ਹਨ। ਗੁਰਮੁਖ ਸਿੰਘ ਐਮ.ਏ ਜੋਗਾ ਸਿੰਘ ਜੋਗੀ ਦੇ ਮੁੱਢਲੇ ਸ਼ਾਗਿਰਦਾਂ ਵਿਚੋਂ ਮੋਹਰੀ ਸਥਾਨ ਰੱਖਦੇ ਹਨ। *ਗੁਰਮੁਖ ਸਿੰਘ ਨੇ ਬਾਬੂ ਰਜਬ ਅਲੀ ਦੁਆਰਾ ਰਚਿਤ 72 ਕਲਾ ਛੰਦ ਤੋਂ ਬਾਅਦ 108 ਕਲੀਆ ਛੰਦ ਰਚਕੇ ਕਵੀਸ਼ਰੀ ਖੇਤਰ ਵਿਚ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਅਤੇ ਇਸਦਾ ਦਾ ਨਾਂ ਵਿਸ਼ਵ-ਪੱਧਰ ਤੇ ਚਮਕਾਇਆ ਹੈ।* [7] ਗੁਰਮੁਖ ਸਿੰਘ ਐਮ.ਏ ਤੋਂ ਇਲਾਵਾ ਜੋਗਾ ਸਿੰਘ ਜੋਗੀ ਨੇ ਸੈਂਕੜੇ ਸ਼ਾਗਿਰਦ ਪੈਦਾ ਕੀਤੇ ਉਨ੍ਹਾਂ ਵਿਚੋਂ ਜੋ ਅਧਿਕ ਮਕਬੂਲ ਰਹੇ ਉਨ੍ਹਾਂ ਦੇ ਨਾਂ ਨਿਮਨ ਲਿਖਿਤ ਹਨ। ਸਰਦਾਰਾ ਸਿੰਘ ਸ਼ੌਂਕੀ, ਦਲਬੀਰ ਸਿੰਘ, ਲਖਮੀਰ ਸਿੰਘ ਮਸਤ, ਸੁਲੱਖਣ ਸਿੰਘ ਰਿਆੜ, ਜਰਨੈਲ ਸਿੰਘ ਗੰਡੀਵਿੰਡ, ਮਹਿਲ ਸਿੰਘ ਚੰਡੀਗੜ੍ਹ, ਜੋਗਾ ਸਿੰਘ ਭਾਗੋਵਾਲ, ਮਹਿੰਦਰ ਸਿੰਘ ਰੂਪੋਵਾਲੀ, ਕੇਵਲ ਸਿੰਘ ਮਹਿਤਾ, ਸੁੱਚਾ ਸਿੰਘ ਡੇਰਾ ਪਠਾਣਾ, ਕਾਬਲ ਸਿੰਘ ਸੋਹੀ, ਧੰਨਾ ਸਿੰਘ ਗੁਲਸ਼ਨ, ਗੁਰਦੀਪ ਸਿੰਘ ਬੀ.ਏ, ਸਤਨਾਮ ਸਿੰਘ, ਰਣਜੀਤ ਸਿੰਘ ਚੀਮਾ, ਆਦਿ।

ਗੁਰਸਿੱਖੀ ਪ੍ਰਚਾਰ ਲਈ ਵਿਦੇਸ਼ੀ ਦੌਰੇ ਤੇ ਮਾਨ ਸਨਮਾਨ : ਜੋਗਾ ਸਿੰਘ ਜੋਗੀ ਨਿੱਜੀ ਤੌਰ ਤੇ ਵਿਦੇਸ਼ ਜਾਣ ਦੀ ਰੁਚੀ ਨਹੀਂ ਸਨ ਰੱਖਦੇ ਪਰ ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਨੂੰ ਸਵੀਕਾਰਦਿਆਂ ਹੋਇਆਂ ਇਨ੍ਹਾਂ ਨੇ ਆਪਣੇ ਜੀਵਨ ਕਾਲ ਦਰਮਿਆਨ ਵਿਦੇਸਾਂ ਵਿਚ ਸਿੰਘਾਪੁਰ, ਮਲੇਸ਼ੀਆ, ਥਾਈਲੈਂਡ, ਹਾਂਗਕਾਂਗ, ਦੁਬਈ, ਨਿਊਜ਼ੀਲੈਂਡ, ਇਟਲੀ, ਜਰਮਨ, ਫਰਾਂਸ, ਅਸਟਰੀਆ ਤੇ ਕੈਨੇਡਾ ਜਾ ਕੇ ਕਵੀਸ਼ਰੀ ਕਲਾ ਰਾਹੀਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ। *ਜੋਗਾ ਸਿੰਘ ਜੋਗੀ ਦੀ ਕਵੀਸ਼ਰੀ ਖੇਤਰ ਨੂੰ ਦੇਣ, ਗੁਰਸਿਖੀ ਪ੍ਰਚਾਰ 'ਚ ਪਾਏ ਯੋਗਦਾਨ ਤੇ ਇਤਿਹਾਸਿਕ ਪ੍ਰਸੰਗਾਂ ਦੀ ਸਿਰਜਣਾ ਕਰਨ ਖਾਤਰ ਭਾਵੇਂ ਹਰੇਕ ਸੰਸਥਾ ਨੇ ਆਪ ਦਾ ਸਨਮਾਨ ਕੀਤਾ ਹੈ। ਪਰ ਵਿਸ਼ੇਸ਼ ਸਨਮਾਨਾਂ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ਼੍ਰੋਮਣੀ ਕਵੀਸ਼ਰ' ਐਵਾਰਡ ਨਾਲ ਸਨਮਾਨਿਆ ਗਿਆ।*[8] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪ ਨੂੰ 'ਸ਼੍ਰੋਮਣੀ ਕਵੀਸ਼ਰ' ਦਾ ਸਨਮਾਨ ਪ੍ਰਦਾਨ ਕੀਤਾ। ਇਸੇ ਤਰ੍ਹਾਂ ਵਿਦਿਅਕ ਸੰਸਥਾਵਾਂ ਵਿਚੋਂ ਖਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਆਪ ਨੂੰ 'ਕਵੀਸ਼ਰੀ ਦਾ ਬਾਬਾ ਬੋਹੜ' ਦਾ ਸਨਮਾਨ ਹਾਸਲ ਹੋਇਆ। ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ ਤੇ 'ਸ਼੍ਰੋਮਣੀ ਕਵੀਸ਼ਰ' ਐਵਾਰਡ, ਜਗਦੇਵ ਕਲਾਂ ਵੱਲੋਂ 'ਸ਼ਾਹ ਮੁਹੰਮਦ' ਐਵਾਰਡ, ਸ੍ਰੀ ਹਰਗੋਬਿੰਦਪੁਰ ਵਿਖੇ 'ਸਰਦਾਰ ਸੋਭਾ ਸਿੰਘ ਚਿੱਤਰਕਾਰ' ਐਵਾਰਡ, ਗੁਰਦੁਆਰਾ ਭਾਈ ਕੀ ਡਰੋਲੀ ਵੱਲੋਂ 'ਨੰਦ ਲਾਲ ਐਵਾਰਡ' ਅਤੇ ਇਸੇ ਤਰ੍ਹਾਂ ਵਿਦੇਸ਼ ਵਿਚ ਪ੍ਰਚਾਰ ਫੇਰੀ ਦੌਰਾਨ ਸਰੀ ਸਥਿਤ ਗੁਰਦੁਆਰਾ ਦਸ਼ਮੇਸ਼ ਦਰਬਾਰ ਵੱਲੋਂ ਇਨ੍ਹਾਂ ਨੂੰ 'ਗੋਲਡ ਮੈਡਲ' ਨਾਲ ਸਨਮਾਨਿਆ ਗਿਆ। ਕੈਨੇਡਾ ਦੀ ਇੱਕੋ ਪ੍ਰਚਾਰ ਫੇਰੀ ਦਰਮਿਆਨ ਆਪ ਨੂੰ ਪੰਜ ਵਾਰ ਗੋਲਡ ਮੈਡਲ ਨਾਲ ਸਨਮਾਨਿਆ ਗਿਆ। ਪੰਜਾਬ ਸਰਕਾਰ ਵੱਲੋਂ 'ਉਜਾਗਰ ਸਿੰਘ ਸੇਖਵਾਂ' ਐਵਾਰਡ ਨਾਲ 51000 ਦੀ ਰਾਸ਼ੀ ਭੇਟ ਕੀਤੀ ਗਈ।

ਕਵੀਸ਼ਰੀ ਪ੍ਰਸੰਗ ਸਿਰਜਣਾ ਅਤੇ ਵੱਖ-ਵੱਖ ਛੰਦਾਂ ਦਾ ਪ੍ਰਯੋਗ : ਜੋਗਾ ਸਿੰਘ ਜੋਗੀ ਨੇ ਕਵੀਸ਼ਰੀ ਕਾਵਿ ਵਿਚ ਗੁਰ ਇਤਿਹਾਸ, ਸਿੱਖ ਇਤਿਹਾਸ, ਤੇ ਕੌਮੀ ਇਤਿਹਾਸ ਨੂੰ ਆਧਾਰ ਬਣਾ ਕੇ ਵੱਖ-ਵੱਖ ਧਾਰਮਿਕ ਪ੍ਰਸੰਗਾਂ ਦੀ ਸਿਰਜਣਾ ਕੀਤੀ ਹੈ। ਆਪ ਦੁਆਰਾ ਗੁਰ ਇਤਿਹਾਸ ਨਾਲ ਸੰਬੰਧਿਤ ਰਚਿਤ ਪ੍ਰਮੁੱਖ ਪ੍ਰਸੰਗਾਂ ਦਾ ਵਰਨਣ ਇਸ ਪ੍ਰਕਾਰ ਹੈ। ਪ੍ਰਸੰਗ ਹਮਜਾ ਗੌਂਸ ਨੂੰ ਸੁਧਾਰਨਾ, ਪ੍ਰਸੰਗ ਬਾਬਰ ਦਾ ਹਮਲਾ ਤੇ ਗੁਰੂ ਨਾਨਕ, ਜਨਮ ਸ੍ਰੀ ਗੁਰੂ ਨਾਨਕ ਦੇਵ ਜੀ, ਪਾਂਧੇ ਪਾਸ ਪੜ੍ਹਨ ਜਾਣਾ, ਪ੍ਰਸੰਗ ਸੱਜਣ ਠੱਗ, ਪ੍ਰਸੰਗ ਖੇਮੇ ਨੂੰ ਉਪਦੇਸ਼, ਪ੍ਰਸੰਗ ਨਮਾਜ਼ ਪੜ੍ਹਨੀ, ਪ੍ਰਸੰਗ ਸੱਚਾ ਸੌਦਾ, ਪ੍ਰਸੰਗ ਧੰਨਾ ਭਗਤ, ਪ੍ਰਸੰਗ ਸ਼ਹੀਦੀ ਗੁਰੂ ਤੇਗ ਬਹਾਦਰ ਜੀ, ਪ੍ਰਸੰਗ ਬਹਾਦਰ ਬਚਿੱਤਰ ਸਿੰਘ, ਪ੍ਰਸੰਗ ਸ਼ਹੀਦੀ ਬਾਬਾ ਬੀਰ ਸਿੰਘ, ਪ੍ਰਸੰਗ ਸ਼ਹੀਦ ਉਧਮ ਸਿੰਘ, ਸ਼ਹੀਦੀ ਛੋਟੇ ਸਾਹਿਬਜਾਦਿਆਂ, ਪ੍ਰਸੰਗ ਪੰਜਾ ਸਾਹਿਬ, ਪ੍ਰਸੰਗ ਬਹਾਦਰ ਸੁੰਦਰੀ ਆਦਿ ਪ੍ਰਸੰਗਾਂ ਦੀ ਸਿਰਜਣਾ ਕੀਤੀ ਅਤੇ ਇਨ੍ਹਾਂ ਨੂੰ ਵੱਖ-ਵੱਖ ਛੰਦਾ-ਬੰਦੀ ਵਿਚ ਬੰਨ੍ਹਿਆਂ ਜਿਵੇਂ ਕੋਰੜਾ ਛੰਦ, ਦਵੱਈਆ ਛੰਦ, ਬੈਂਤ ਛੰਦ, ਪਉੜੀ, ਕਬਿਤ, ਦੋਤਾਰਾ, ਗੱਡੀ, ਕਲੀ ਛੰਦ, ਵਾਰ, ਲਹਿਰੀਆ, ਡਿਓਢ ਛੰਦ, ਝੋਕ ਛੰਦ, ਦੋਹਿਰਾ, ਚੌਫਿਰਣਾ ਬੈਂਤ, ਆਦਿ।

ਜੋਗਾ ਸਿੰਘ ਜੋਗੀ ਦੀ ਕਵੀਸ਼ਰੀ ਦੀ ਵੰਨਗੀ ਨਿਮਨ ਅੰਕਿਤ ਹੈ :

*ਬੈਂਤ:*

*ਬਾਈ ਧਾਰਿਓ ਇੱਕ ਥਾਂ ਆਓ ਜੁੜੀਏ,*
*ਵਿੱਚ ਪਰ੍ਹੇ ਦੇ ਟੋਕੀਏ ਪੋਲਿਆਂ ਨੂੰ।*
*ਫਿਰੀਏ ਭੁੱਲੀਏ ਨਾ ਮੰਜ਼ਿਲ ਵੱਲ ਮੁੜੀਏ,*
*ਫੜ ਕੇ ਕੁਟੀਏ ਝੂਠ ਦਿਆਂ ਟੋਲਿਆਂ ਨੂੰ।* [9]

*ਝੋਕ ਛੰਦ :*

*ਪੱਲੇ ਨੂੰ ਕਰਨ ਟਿਚਰਾਂ ਲੋਕ ਬਤਾਲੇ ਦੇ,*

*ਕੋਠੀਆਂ ਤੇ ਚੜ ਕੇ ਵੇਖਣ, ਸਾਰੇ ਦੁਆਲੇ ਦੇ।*
*ਕਹਿੰਦੇ ਨਹੀਂ ਭਲਾ ਬੀਜਦੇ, ਬੰਦੇ ਦਿਲ ਕਾਲੇ ਦੇ,*
*ਸੱਚੇ ਨੂੰ ਮੇਹਣਾ ਦਿੰਦੇ ਜਿਨਾਂ ਨੇ ਸੁੱਖੇ ਨੇ,*
*ਕਿੱਥੋਂ ਪ੍ਰਸ਼ਾਦ ਛਕਾਉਣਾ ਜਨਮਾਂ ਦੇ ਭੁੱਖੇ ਨੇ, ਕਿੱਥੋਂ ਭੰਡਾਰਾ ਕਰਨਾ।* [10]

*ਕੋਰੜਾ :*
*ਰਾਜਾ ਜਾ ਗੁਰਾਂ ਦੇ ਦਰਬਾਰ ਪੁੱਜਿਆ,*
*ਕਾਮਿਆਂ ਦੇ ਘਰ 'ਚ ਬੇਕਾਰ ਪੁੱਜਿਆ।*
*ਕਪਟੀ ਕਰੋਧੀ ਨਹੀਂ ਕੋਈ ਯਾਰ ਦਾ,*
*ਰਾਜਿਆਂ ਤੋਂ ਵੱਧ ਦਰਬਾਰ ਸਾਈਂ ਦਾ।* [11]

ਅੱਧੀ ਸਦੀ ਤੋਂ ਵਧੀਕ ਸਮਾਂ ਕਵੀਸ਼ਰੀ ਨੂੰ ਸਮਰਪਣ ਕਰਨ ਉਪਰੰਤ 9 ਨਵੰਬਰ 2017 ਦੀ ਸਵੇਰ ਨੂੰ ਇਸ ਮਹਾਨ ਕਵੀਸ਼ਰ ਦਾ ਸੰਸਾਰ ਤੋਂ ਚਲਾਣਾ ਕਰ ਗਿਆ।

ਜਰਨੈਲ ਸਿੰਘ ਸਭਰਾ

ਜਰਨੈਲ ਸਿੰਘ ਕਵੀਸ਼ਰ ਦਾ ਜਨਮ 2 ਅਪ੍ਰੈਲ 1954 ਈ. ਨੂੰ ਸਰਦਾਰ ਕੁੰਦਨ ਸਿੰਘ ਦੇ ਘਰ ਮਾਤਾ ਨਿਰੰਜਣ ਕੌਰ ਦੀ ਕੁੱਖੋਂ ਪਿੰਡ ਸਭਰਾ ਜਿਲ੍ਹਾ ਤਰਨ-ਤਾਰਨ ਵਿਚ ਹੋਇਆ। ਘਰ ਵਿਚ ਗਰੀਬੀ ਤੇ ਪੜ੍ਹਾਈ ਵਿਚ ਲਗਨ ਘੱਟ ਹੋਣ ਕਾਰਨ ਮੁਢਲੀ ਸਕੂਲੀ ਵਿਦਿਆ ਪ੍ਰਾਪਤ ਨਹੀਂ ਕਰ ਸਕਿਆ। ਘਰ ਵਿਚ ਆਪਣੇ ਵੱਡੇ ਭਰਾ ਨਿਰਵੈਲ ਸਿੰਘ ਪਾਸੋਂ 'ਬਾਲ ਉਪਦੇਸ਼' ਕਾਇਦਾ ਪੜ੍ਹਿਆ। ਛੋਟੇ ਹੁੰਦਿਆਂ ਆਪਣੇ ਤਾਏ ਨਾਲ ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਹੋਣ ਵਾਲੀਆਂ ਅਕਾਲੀ ਕਾਨਫਰੰਸਾਂ ਵਾਲੀ ਜਾਣ ਕਰਕੇ ਬਚਪਨ ਵਿਚ ਹੀ ਇਸ ਨੂੰ ਬਹੁਤ ਸਾਰੇ ਢਾਡੀ ਤੇ ਕਵੀਸ਼ਰਾ ਨੂੰ ਸੁਨਣ ਦਾ ਸੁਭਾਗ ਪ੍ਰਾਪਤ ਹੋਇਆ। ਜਰਨੈਲ ਸਿੰਘ ਨੂੰ ਅਸਲ ਵਿਚ ਕਵੀਸ਼ਰੀ ਦੀ ਚੇਟਕ ਤਰਨ-ਤਾਰਨ ਸਾਹਿਬ ਦੀ ਧਾਰਮਿਕ ਸਟੇਜ ਤੋਂ ਢਾਡੀ ਸੋਹਣ ਸਿੰਘ ਸੀਤਲ, ਮਾਲਵੇ ਦੇ ਨਾਮਵਰ ਕਵੀਸ਼ਰ ਮੋਹਨ ਸਿੰਘ ਰੋਡੇ ਅਤੇ ਪੰਡਿਤ ਬੀਰਬਲ ਨੂੰ ਸੁਨਣ ਉਪਰੰਤ ਲੱਗੀ। ਮਾਝੇ ਦੇ ਪ੍ਰਸਿੱਧ ਕਵੀਸ਼ਰ ਜੋਗਾ ਸਿੰਘ ਜੋਗੀ ਨੂੰ ਵੀ ਤਰਨ-ਤਾਰਨ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸੁਣ ਕੇ ਜਰਨੈਲ ਸਿੰਘ ਕਾਫੀ ਪ੍ਰਭਾਵਿਤ ਹੋਇਆ। ਇਸ ਤੋਂ ਬਾਅਦ 1969 ਈ. ਵਿਚ ਜਰਨੈਲ ਸਿੰਘ ਨੇ ਮਾਝੇ ਖੇਤਰ ਦੇ ਪ੍ਰਸਿੱਧ ਕਵੀਸ਼ਰ ਪੰਡਤ ਮੋਹਨ ਸਿੰਘ ਘਰਿਆਲਾ ਨੂੰ ਆਪਣਾ ਉਸਤਾਦ ਧਾਰਨ ਕਰ ਲਿਆ ਅਤੇ ਕਵੀਸ਼ਰੀ ਗਾਇਨ ਕਰਨੀ ਆਰੰਭ ਕਰ ਦਿੱਤੀ। 1974 ਈ. ਵਿਚ ਜਰਨੈਲ ਸਿੰਘ ਨੇ ਆਪਣਾ ਸੁਤੰਤਰ ਕਵੀਸ਼ਰੀ ਜਥਾ ਬਣਾ ਕੇ ਗੁਰਸਿੱਖੀ ਪ੍ਰਚਾਰ ਕਰਨਾ ਆਰੰਭਿਆ ਅਤੇ ਸਟੇਜ ਉੱਪਰ ਗਾਇਨ ਤੇ ਵਿਆਖਿਆਨ ਦੀ ਲੋੜ ਹਿੱਤ ਮੌਲਿਕ ਕਵੀਸ਼ਰੀ ਪ੍ਰਸੰਗ ਰਚਣੇ ਸ਼ੁਰੂ ਕੀਤੇ।

ਕਵੀਸ਼ਰੀ ਕਾਵਿ ਨਾਲ ਸੰਬੰਧਿਤ ਪੁਸਤਕਾਂ ਦੀ ਰਚਨਾ ਅਤੇ ਕੈਸਟਾਂ ਦੀ ਰਿਕਾਰਡਿੰਗ : ਜਰਨੈਲ ਸਿੰਘ ਸਭਰਾ ਨੇ ਸਿੱਖ ਇਤਿਹਾਸਿਕ ਪ੍ਰਸੰਗਾਂ ਨੂੰ ਵੱਖ-ਵੱਖ ਪੁਸਤਕਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਸ ਦੁਆਰਾ ਅਮਰ ਉਡਾਰੀਆਂ, ਧਰਮੀ ਜਰਨੈਲ, ਗੁਰੂ ਕੇ ਮਹਾਨ ਜਰਨੈਲ, ਅਮਰ ਜਰਨੈਲ, ਅਮਰ ਇਛਾਵਾਂ, ਪਟਨੇ ਤੋਂ ਨਾਂਦੇੜ ਤੱਕ, ਸਿੰਘਾਂ ਦੀ ਦੂਜੀ ਵੱਡੀ ਜੰਗ, ਅਤੇ ਕਿੱਸਾ ਊਧਮ ਸਿੰਘ ਨਾਮਕ ਕਵੀਸ਼ਰੀ ਪ੍ਰਸੰਗਾਂ ਦੀਆਂ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਪੁਸਤਕਾਂ ਵਿਚ ਸਿੱਖ ਇਤਿਹਾਸ, ਗੁਰੂ ਇਤਿਹਾਸ ਤੇ ਕੌਮੀ ਇਤਿਹਾਸ ਨਾਲ ਸੰਬੰਧਿਤ ਪ੍ਰਸੰਗ ਮਿਲਦੇ ਹਨ। *ਇਸ ਤੋਂ ਇਲਾਵਾ ਕਵੀਸ਼ਰੀ ਪ੍ਰਸੰਗਾਂ ਨਾਲ ਸੰਬੰਧਿਤ ਵੱਖ-ਵੱਖ ਕੰਪਨੀਆਂ ਵਿਚ ਜਰਨੈਲ ਸਿੰਘ ਨੇ 92 ਦੇ ਕਰੀਬ ਕੈਸਟਾਂ ਰਿਕਾਰਡ ਕਰਵਾਈਆਂ ਹਨ।*[12] ਇਨ੍ਹਾਂ ਵਿਚੋਂ ਟੀ-ਸੀਰੀਜ਼ ਦਿੱਲੀ ਅਤੇ ਫਾਇਨ ਟੱਚ ਅੰਮ੍ਰਿਤਸਰ ਕੰਪਨੀ ਵੱਲੋਂ ਇਨ੍ਹਾਂ ਦੀਆਂ ਧਾਰਮਿਕ ਪ੍ਰਸੰਗਾਂ ਦੀਆਂ ਕੈਸਟਾਂ ਰਿਕਾਰਡ ਹੋਈਆਂ।

ਸਾਥੀ ਤੇ ਸ਼ਾਗਿਰਦ: ਜਰਨੈਲ ਸਿੰਘ ਨੇ ਕਵੀਸ਼ਰੀ ਦੇ ਸਫ਼ਰ ਦਰਮਿਆਨ 45 ਦੇ ਕਰੀਬ ਸ਼ਾਗਿਰਦ ਪੈਦਾ ਕੀਤੇ। ਜਿਨ੍ਹਾਂ ਵਿਚੋਂ ਲਖਵਿੰਦਰ ਸਿੰਘ ਗੁਰਦਾਸਪੁਰੀ, ਭਗਵੰਤ ਸਿੰਘ, ਮੇਜਰ ਸਿੰਘ, ਲਖਵਿੰਦਰ ਸਿੰਘ ਸਭਰਾ, ਬਲਦੇਵ ਸਿੰਘ ਸਭਰਾ, ਸੁੱਚਾ ਸਿੰਘ ਭੰਗਾਲਾ, ਸਰਬਜੀਤ ਸਿੰਘ ਮਾਣਕਪੁਰ, ਕਰਤਾਰ ਸਿੰਘ ਕਿਰਤੀ, ਅਮਰਜੀਤ ਸਿੰਘ (ਸਪੁੱਤਰ) ਗੁਰਦੀਪ ਸਿੰਘ ਬੰਡਾਲਾ ਆਦਿ ਪ੍ਰਮੁੱਖ ਹਨ। ਇਨ੍ਹਾਂ ਦੇ ਨਾਲ ਮੇਜਰ ਸਿੰਘ ਤੇ ਭਗਵੰਤ ਸਿੰਘ ਦੀ ਜੋੜੀ ਨੇ ਲੰਬਾ ਸਮਾਂ ਕਵੀਸ਼ਰੀ ਦੀ ਪਾਰੀ ਖੇਡੀ ਹੈ। ਮੇਜਰ ਸਿੰਘ ਅਤੇ ਭਗਵੰਤ ਸਿੰਘ ਦੀ ਆਵਾਜ਼ ਵਿਚ ਹੀ ਜਿਆਦਾਤਰ ਕੈਸਟਾਂ ਰਿਕਾਰਡ ਹੋਈਆਂ ਸੁਨਣ ਨੂੰ ਮਿਲਦੀਆਂ ਹਨ। ਜਰਨੈਲ ਸਿੰਘ ਸਭਰਾ ਦਾ ਸਪੁੱਤਰ ਅਮਰਜੀਤ ਸਿੰਘ ਵਰਤਮਾਨ ਸਮੇਂ ਆਪਣੇ ਪਿਤਾ ਪੁਰਖੀ ਕਿੱਤੇ ਕਵੀਸ਼ਰੀ ਕਲਾ ਜੁੜ ਕੇ ਦੇਸ਼-ਵਿਦੇਸ਼ ਵਿਚ ਸਿੱਖੀ ਪ੍ਰਚਾਰ ਲਈ ਸਰਗਰਮ ਭੂਮਿਕਾ ਨਿਭਾ ਰਿਹਾ ਹੈ।

ਵਿਦੇਸ਼ੀ ਪ੍ਰਚਾਰ ਦੌਰੇ ਤੇ ਮਾਨ ਸਨਮਾਨ: ਕਵੀਸ਼ਰ ਜਰਨੈਲ ਸਿੰਘ ਸਭਰਾ ਨੂੰ ਕਵੀਸ਼ਰੀ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਸਦਕਾ ਅਨੇਕ ਨਾਮੀ ਸੰਸਥਾਵਾਂ ਵਲੋਂ ਸਮੇਂ-ਸਮੇਂ ਤੇ ਸਨਮਾਨ ਪ੍ਰਾਪਤ ਹੋਏ ਹਨ। ਜਿਵੇਂ *ਸ੍ਰੀ ਗੁਰੂ ਗੋਬਿੰਦ ਸਿੰਘ ਸਭਾ ਵੱਲੋਂ ਪੰਡਿਤ 'ਮੋਹਨ ਸਿੰਘ ਘਰਿਆਲਾ ਐਵਾਰਡ', ਮਾਝਾ ਰੰਗ ਮੰਚ ਵੱਲੋਂ 'ਮਾਝੇ ਦਾ ਮਾਣ' ਐਵਾਰਡ, ਪੰਜ ਦਰਿਆ ਸੱਭਿਆਚਾਰ ਕੇਂਦਰ ਵੱਲੋਂ ਸਨਮਾਨ, ਕਵੀਸ਼ਰੀ ਸਭਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਸਥਾਪਨਾ ਦਿਵਸ ਤੇ ਸਨਮਾਨ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਜਰਨੈਲ ਸਿੰਘ ਨੂੰ ਲਗਾਤਾਰ ਤਿੰਨ ਵਾਰ ਕੈਨੇਡਾ ਦੀ ਧਰਤੀ ਤੇ ਕਵੀਸ਼ਰੀ ਦੀ ਮਹਿਕ ਖੰਡਾਉਣ ਦਾ ਸੁਭਾਗ ਪ੍ਰਾਪਤ ਹੋਇਆ।*[13]

ਕਵੀਸ਼ਰੀ ਪ੍ਰਸੰਗ ਸਿਰਜਣਾ ਅਤੇ ਵੱਖ-ਵੱਖ ਛੰਦਾਂ ਦਾ ਪ੍ਰਯੋਗ : ਜਰਨੈਲ ਸਿੰਘ ਸਭਰਾ ਕਵੀਸ਼ਰ ਨੇ ਕਵੀਸ਼ਰੀ ਖੇਤਰ ਵਿਚ ਗੁਰ ਇਤਿਹਾਸ ਨਾਲ ਸੰਬੰਧਿਤ ਮੌਲਿਕ ਪ੍ਰਸੰਗ ਸਿਰਜਣਾ ਕੀਤੀ ਹੈ। ਉਨ੍ਹਾਂ ਦੁਆਰਾ ਰਚਿਤ ਪ੍ਰਮੁੱਖ ਪ੍ਰਸੰਗਾਂ ਵਿਚ ਜਨਮ ਗੁਰੂ ਨਾਨਕ ਦੇਵ ਜੀ, ਪ੍ਰਸੰਗ ਗੁਰੂ ਅਮਰਦਾਸ, ਗੁਰੂ ਰਾਮਦਾਸ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਪ੍ਰਸੰਗ ਸ਼ਹੀਦੀ ਗੁਰੂ ਤੇਗ ਬਹਾਦਰ ਜੀ, ਜਨਮ ਗੁਰੂ ਗੋਬਿੰਦ ਸਿੰਘ ਜੀ, ਭੰਗਾਣੀ ਦਾ ਜੰਗ, ਪ੍ਰਸੰਗ ਬੰਦਾ ਬਹਾਦਰ, ਵੱਡਾ ਘੱਲੂਘਾਰਾ, ਬਿਧੀ ਚੰਦ ਦੇ ਘੋੜੇ, ਸਾਕਾ ਸਰਹੰਦ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਮਹਾਰਾਣੀ ਜਿੰਦਾਂ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਲਾਲ ਗੋਬਿੰਦ ਸਿੰਘ ਦੇ, ਸਿੱਖੀ ਸਿਦਕ ਨਾ ਹਾਰੇ, ਬੱਬਰ ਅਕਾਲੀ ਧੰਨਾ ਸਿੰਘ, ਕਰਤਾਰ ਸਿੰਘ ਸਰਾਭਾ, ਬੋਤਾ ਸਿੰਘ ਗਰਜਾ ਸਿੰਘ, ਸਿੰਘਣੀਆਂ ਦਾ ਸਿਦਕ, ਕਰਤਾਰਪੁਰ ਦੀ ਜੰਗ, ਬਿਧੀ ਚੰਦ ਦਾ ਅੰਤਿਮ ਸਮਾਂ, ਚੰਦੂ ਦੀ ਨੂੰਹ, ਸਿੰਘ ਸੂਰਮੇ, ਸੱਤਾ ਤੇ ਬਲਵੰਡਾ, ਭਾਈ ਮਨੀ ਸਿੰਘ, ਵਿਆਹ ਗੁਰੂ ਗੋਬਿੰਦ ਸਿੰਘ, ਆਦਿ ਕੁਝ ਪ੍ਰਮੁੱਖ ਪ੍ਰਸੰਗ ਹਨ। ਇਨ੍ਹਾਂ ਪ੍ਰਸੰਗਾਂ ਦੀ ਸਿਰਜਣਾ ਵੇਲੇ ਜਰਨੈਲ ਸਿੰਘ ਕਵੀਸ਼ਰ ਨੇ ਵੱਖ-ਵੱਖ ਛੰਦਾਂ ਦੀ ਵਰਤੋਂ ਕੀਤੀ ਹੈ ਜਿਵੇਂ ਕੋਰੜਾ, ਮੇਘ ਵਰਨ, ਦੋਤਾਰਾ, ਪਉੜੀ, ਟਰਨ ਛੰਦ, ਸਾਕਾ, ਡੋਲੀ ਛੰਦ, ਲੈਹਰੀਆ ਛੰਦ, ਦੋਹਿਰਾ, ਦਵਈਆ, ਬੈਂਤ, ਵਾਰ, ਝੋਕ

ਛੰਦ, ਕਲੀ, ਆਦਿ ਦੀ ਪ੍ਰਮੁੱਖ ਤੌਰ ਤੇ ਵਰਤੋਂ ਕੀਤੀ ਹੈ। ਜਰਨੈਲ ਸਿੰਘ ਸਭਰਾ ਦੀ ਕਵੀਸ਼ਰੀ ਦੀ ਵੰਨਗੀ ਨਿਮਨ ਅੰਕਿਤ ਹੈ।

ਦੋਤਾਰਾ ਛੰਦ:

*ਜਦੋਂ ਸੇਠ ਕਰੋੜੀ ਨੇ ਸਾਰਾ ਰੋ-ਰੋ ਹਾਲ ਸੁਣਾਇਆ।*
*ਫਿਰ ਸ਼ੇਰ ਬਿਧੀ ਚੰਦ ਨੂੰ ਛੇਵੇਂ ਗੁਰਾਂ ਨੇ ਕੋਲ ਬੁਲਾਇਆ।*
*ਲੁੱਟ ਕੇ ਸੇਠ ਕਰੋੜੀ ਨੂੰ ਮਾਰੇ ਮੁਗਲ ਰਾਜ ਨੇ ਲੋਹੜੇ।*
*ਲੈ ਆਗਿਆ ਸਤਿਗੁਰ ਤੋਂ ਚਲਿਆ ਲੈਣ ਸੂਰਮਾ ਘੋੜੇ।* [14]

ਰੁਬਾਈ:

*ਟਾਹਣੀ ਉੱਤੇ ਹੱਸਦੇ ਫੁੱਲ ਨੂੰ ਬੁਲਬੁਲ ਕਹੇ ਵਿਚਾਰੀ।*
*ਮੈਂ ਪ੍ਰਦੇਸਣ ਦਰਸ਼ਨ ਖਾਤਰ ਆਵਾਂ ਮਾਰ ਉਡਾਰੀ।*
*ਤੂੰ ਵੱਸੇ ਤਾਂ ਮੈਂ ਵੀ ਵੱਸਾਂ ਤੂੰ ਉੱਜੜੇ ਮੈਂ ਉੱਜੜਾਂ।*
*ਜਦ ਫੜ ਮਾਲਣ ਤੋੜੇ ਤੈਨੂੰ ਤੜਫੇ ਜਿੰਦ ਹਮਾਰੀ।* [15]

ਬੈਂਤ:

*ਸੰਤ ਸੋ ਜੋ ਰੱਬ ਦੀ ਕਰੇ ਬੰਦਗੀ, ਗੁੱਸਾ ਮਨ ਦੇ ਵਿੱਚ ਲਿਆਏ ਨਾਹੀ।*
*ਸੰਤ ਸੋ ਜੋ ਪੰਜਾਂ ਨੂੰ ਕਰੇ ਕਾਬੂ, ਹਾਰ ਕਿਸੇ ਮੈਦਾਨ ਵਿੱਚ ਖਾਏ ਨਾਹੀ।*
*ਸੰਤ ਸੋ ਜੋ ਮਨ ਦਾ ਰਹੇ ਨੀਵਾਂ, ਨੇੜੇ ਕਦੇ ਹੰਕਾਰ ਦੇ ਜਾਏ ਨਾਹੀ।* [16]

ਝੋਕ ਛੰਦ :

*ਯਾਦ ਰੱਖ ਮ੍ਰਿਤ ਮੰਡਲ ਵਿੱਚ ਬੰਦਿਆ ਤੂੰ ਆਇਆ ਹੈਂ।*
*ਮਾਨਸ ਦੇ ਦੇ ਕੇ ਤੈਨੂੰ ਜਿਸ ਨੇ ਘਲਾਇਆ ਹੈ।*
*ਮਰਨੇ ਦਾ ਸਮਾਂ ਵੀ ਤੇਰਾ ਨਾਲ ਲਿਖਵਾਇਆ ਹੈ।*
*ਦੁਸ਼ਮਣ ਦੀ ਮੌਤ ਵੇਖ ਕੇ ਦਿਲ ਵਿੱਚ ਨਾ ਹੱਸਿਆ ਕਰ।*
*ਮੌਤ ਨੂੰ ਯਾਦ ਮੂਰਖਾ ਹਰ ਵੇਲੇ ਰੱਖਿਆ ਕਰ।* [17]

ਗੁਰਮਤਿ ਸਮਾਗਮ ਤੋਂ ਵਾਪਸ ਪਰਤਦਿਆਂ ਇਕ ਸੜਕ ਐਕਸੀਡੈਂਟ ਕਾਰਨ 7 ਮਈ 2009 ਨੂੰ ਇਹ ਹਰਮਨ ਪਿਆਰਾ ਕਵੀਸ਼ਰ ਅਕਾਲ ਚਲਾਣਾ ਕਰ ਗਿਆ।

ਮੋਹਨ ਸਿੰਘ ਘਰਿਆਲਾ

ਕਵੀਸ਼ਰ ਮੋਹਨ ਸਿੰਘ ਦਾ ਜਨਮ 1918 ਈ. ਵਿਚ ਸਰਦਾਰ ਪੂਰਨ ਸਿੰਘ ਦੇ ਘਰ ਮਾਤਾ ਗੁਲਾਬ ਕੌਰ ਦੀ ਕੁੱਖੋਂ ਪਿੰਡ ਰਾਜਾ ਜਿਲ੍ਹਾ ਕਸੂਰ ਪਾਕਿਸਤਾਨ ਵਿਚ ਹੋਇਆ। ਘਰ ਦੀ ਗਰੀਬੀ ਹੋਣ ਕਾਰਨ ਜਿਆਦਾ ਪੜ੍ਹ ਨਹੀਂ ਸਕੇ। ਫਿਰ ਖੇਤੀਬਾੜੀ ਕਰਕੇ ਗੁਜ਼ਾਰਾ ਕਰਦੇ ਰਹੇ ਪਰੰਤੂ ਜਮੀਨ ਥੋੜ੍ਹੀ ਹੋਣ ਕਾਰਨ ਇੱਕ ਦੁਕਾਨ ਉੱਪਰ ਵੀ ਕੰਮ ਕਰਕੇ ਜੀਵਨ ਦਾ ਸੰਘਰਸ਼ ਜਾਰੀ ਰੱਖਦੇ ਰਹੇ। ਇਨ੍ਹਾਂ ਨੂੰ ਆਪਣੀ ਜਨਮ ਭੂਮੀ ਰਾਜਾ ਜੰਗ ਨੂੰ ਛੱਡ ਕੇ 1947 ਵੇਲੇ ਦੇਸ਼ ਵੰਡ ਸਮੇਂ ਭਾਰਤ (ਪੰਜਾਬ) ਆਉਣਾ ਪਿਆ। ਆਪਣਾ ਪਿੰਡ ਛੱਡਣ ਦੀ ਪੀੜ ਉਹ ਕਵਿਤਾ ਵਿਚ ਇਸ ਪ੍ਰਕਾਰ ਬਿਆਨ ਕਰਦੇ ਹਨ-

*ਰਾਜੇ ਜੰਗ ਆ ਗਿਆ ਮੈਂ ਪਿੱਛੇ ਛੱਡ ਕੇ, ਬਾਰੀ ਸ਼ਹਿਰ ਸਜਣੋ। ਹੁਣ ਇਥੇ ਬਹਿ ਗਿਆ ਦਲੀਲ ਗੱਡ ਕੇ, ਗਿਆ ਹਾਂ ਠਹਿਰ ਸੱਜਣੋ।*[18]

ਇਨ੍ਹਾਂ ਦੇ ਪੁਰਖੇ ਪਿੰਡ ਕਰਿਆਲਾ ਜਿਲ੍ਹਾ ਜਿਹਲਮ ਨਾਲ ਸੰਬੰਧ ਰੱਖਦੇ ਸਨ। ਜੋ ਬਾਅਦ ਵਿਚ ਆਣਕੇ ਰਾਜਾ ਜੰਗ ਜਿਲ੍ਹਾ ਕਸੂਰ ਵਿਚ ਵਸ ਗਏ। ਬਚਪਨ ਵਿਚ ਮੋਹਨ ਸਿੰਘ ਨੇ ਇੱਕ ਵਾਰ ਪੰਡਿਤ ਬੀਰਬਲ ਨੂੰ ਆਪਣੇ ਪਿੰਡ ਵਿਚ ਕਵੀਸ਼ਰੀ ਗਾਉਂਦੇ ਹੋਏ ਸੁਣਿਆ ਅਤੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਸਨੂੰ ਆਪਣਾ ਉਸਤਾਦ ਧਾਰਨ ਕਰ ਲਿਆ। ਕਵੀਸ਼ਰੀ ਖੇਤਰ ਵਿਚ ਉਹ ਪੰਡਤ ਮੋਹਨ ਸਿੰਘ ਘਰਿਆਲਾ ਦੇ ਨਾਂ ਵਜੋਂ ਪ੍ਰਸਿੱਧ ਰਹੇ ਹਨ। 1947 ਈ. ਦੀ ਦੇਸ਼ ਵੰਡ ਤੋਂ ਬਾਅਦ ਪੰਡਤ ਮੋਹਨ ਸਿੰਘ ਘਰਿਆਲਾ ਤਹਿਸੀਲ ਪੱਟੀ, ਜਿਲ੍ਹਾ ਅੰਮ੍ਰਿਤਸਰ ਵਿਚ ਆਣ ਵਸੇ। ਇਸੇ ਪਿੰਡ ਦਾ ਨਾਂ ਆਪਣੇ ਨਾਮ ਨਾਲ ਜੋੜ ਕੇ ਕਵੀਸ਼ਰੀ ਖੇਤਰ ਵਿੱਚ ਵਿਚਰਨ ਲੱਗ ਪਏ।

ਪੰਡਤ ਮੋਹਨ ਸਿੰਘ ਦੇ ਹੱਥ ਲਿਖਤ ਕਵੀਸ਼ਰੀ ਪ੍ਰਸੰਗ: ਮੋਹਨ ਸਿੰਘ ਘਰਿਆਲਾ ਦੀ ਸਾਰੀ ਕਵੀਸ਼ਰੀ ਅਣ-ਪ੍ਰਕਾਸਿਤ ਪਈ ਹੋਈ ਹੈ। ਉਨ੍ਹਾਂ ਦਾ ਸਪੁੱਤਰ ਐਡਵੋਕੇਟ ਸੁਰਿੰਦਰ ਸਿੰਘ ਘਰਿਆਲਾ ਆਪਣੇ ਪਿਤਾ ਦੀ ਸਮੁੱਚੀ ਰਚਨਾ ਨੂੰ ਪ੍ਰਕਾਸ਼ਿਤ ਕਰਨ ਲਈ ਯਤਨਸ਼ੀਲ ਹੈ। ਕਵੀਸ਼ਰ ਮੋਹਨ ਸਿੰਘ ਦੁਆਰਾ ਰਚਿਤ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ ਵਿਚੋਂ ਕੁਝ ਪ੍ਰਮੁੱਖ ਪ੍ਰਸੰਗਾਂ ਦਾ ਵੇਰਵਾ ਇਸ ਪ੍ਰਕਾਰ ਹੈ : ਗੁਰੂ ਗੋਬਿੰਦ ਸਿੰਘ ਦੀ ਬਾਲ ਅਵਸਥਾ, ਪ੍ਰਸੰਗ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਪ੍ਰਸੰਗ ਗੁਰੂ ਅਮਰਦਾਸ ਜੀ, ਸ਼ਹੀਦੀ ਗੁਰੂ ਅਰਜਨ ਦੇਵ, ਜਨਮ ਗੁਰੂ ਹਰਗੋਬਿੰਦ ਸਾਹਿਬ, ਕਰਤਾਰਪੁਰ ਦਾ ਜੰਗ, ਸ਼ਹੀਦੀ ਗੁਰੂ ਤੇਗ ਬਹਾਦਰ, ਜਨਮ ਗੁਰੂ ਗੋਬਿੰਦ ਸਿੰਘ ਜੀ, ਜੰਗ ਭੰਗਾਣੀ, ਚਮਕੌਰ ਦਾ ਜੰਗ, ਸ਼ਹੀਦੀ ਛੋਟੇ ਸਾਹਿਬਜ਼ਾਦੇ, ਬਿਧੀ ਚੰਦ ਦੇ ਘੋੜੇ, ਪ੍ਰਸੰਗ ਭਾਈ ਬੋਤਾ ਸਿੰਘ ਗਰਜਾ ਸਿੰਘ, ਮਹਾਰਾਣੀ ਜਿੰਦਾਂ, ਕੂਕਾ ਲਹਿਰ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਬੰਦਾ ਸਿੰਘ ਬਹਾਦਰ, ਬੀਬੀ ਨਾਨਕੀ, ਬੀਬੀ ਅਮਰੋ, ਮਾਤਾ ਗੰਗਾ ਜੀ, ਹਰੀ ਸਿੰਘ ਨਲੂਆ, ਭਾਈ ਮਨੀ ਸਿੰਘ, ਸ਼ਹੀਦ ਗਦਰੀ ਬਾਬੇ, ਬੱਬਰ ਅਕਾਲੀ, ਸ਼ਹੀਦ ਕਰਤਾਰ ਸਿੰਘ ਸਰਾਭਾ, ਆਦਿ ਪ੍ਰਸੰਗ ਰਚੇ। ਪੰਡਿਤ ਮੋਹਨ ਸਿੰਘ ਘਰਿਆਲਾ ਨੇ ਆਪਣੇ ਜੀਵਨ ਦੇ 60 ਸਾਲ ਕਵੀਸ਼ਰੀ ਗਾਇਨ ਵਿਚ ਬਤੀਤ ਕੀਤੇ ਅਤੇ ਪੰਜਾਬੀਆਂ ਦੇ ਗੌਰਵਮਈ ਵਿਰਸੇ ਨੂੰ ਕਵੀਸ਼ਰੀ ਵਿਚ ਬਿਆਨ ਕੀਤਾ।

ਸਨਮਾਨ ਤੇ ਸ਼ਾਗਿਰਦ: ਪੰਡਿਤ ਮੋਹਨ ਸਿੰਘ ਘਰਿਆਲਾ ਦੇ ਸ਼ਾਗਿਰਦਾਂ ਦੀ ਗਿਣਤੀ 50 ਤੋਂ ਵੀ ਵਧੀਕ ਹੈ। ਉਨ੍ਹਾਂ ਵਿਚੋਂ ਜੋ ਸ਼ਾਗਿਰਦ ਕਵੀਸ਼ਰੀ ਖੇਤਰ ਵਿਚ ਅਧਿਕ ਮਕਬੂਲ ਰਹੇ ਉਨ੍ਹਾਂ ਦੇ ਨਾਂ ਨਿਮਨ ਅਨੁਸਾਰ ਹਨ। ਲਾਲ ਸਿੰਘ ਚੂਸਲੇਵੜ, ਜਗਤਾਰ ਸਿੰਘ ਭੰਗਾਲਾ, ਹਰਭਜਨ ਸਿੰਘ ਘਣੂੰਪੁਰ ਕਾਲੇ, ਦਰਸ਼ਨ ਸਿੰਘ, ਸਰੂਪ ਸਿੰਘ ਸੁਰਵਿੰਡ, ਬਲਦੇਵ ਸਿੰਘ ਬੈਂਕਾ, ਜਰਨੈਲ ਸਿੰਘ ਸਭਰਾਵਾਂ, ਹਰਭਜਨ ਸਿੰਘ ਸਭਰਾਵਾਂ, ਬਲਵਿੰਦਰ ਸਿੰਘ ਘਰਿਆਲੀ, ਇਨ੍ਹਾਂ ਵਿਚੋਂ ਕਵੀਸ਼ਰ ਪੰਡਤ ਮੋਹਨ ਸਿੰਘ ਅਤੇ ਸਰੂਪ ਸਿੰਘ ਸੁਰਵਿੰਡ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਸ਼ੋਭਿਤ ਕੀਤੀਆਂ ਗਈਆਂ ਹਨ। ਇਨ੍ਹਾਂ ਦੀ ਕਵੀਸ਼ਰੀ ਨੂੰ ਦੇਣ ਕਰਕੇ ਵੱਖ-ਵੱਖ ਸਭਾਵਾਂ ਤੇ ਸੰਸਥਾਵਾਂ ਵੱਲੋਂ ਸਮੇਂ-ਸਮੇਂ ਤੇ ਸਨਮਾਨ ਪ੍ਰਾਪਤ ਹੁੰਦੇ ਰਹੇ। ਜਿਵੇਂ ਪੰਜਾਬੀ ਸਾਹਿਤ ਸਭਾ ਪੱਟੀ ਵੱਲੋਂ ਸਨਮਾਨ, ਗੁਰੂ ਗੋਬਿੰਦ ਸਿੰਘ ਕਵੀਸ਼ਰ ਸਭਾ, ਤੇ ਮਾਝਾ ਰੰਗ ਮੰਚ ਵੱਲੋਂ ਸਨਮਾਨ ਹਾਸਲ ਹੋਇਆ।

ਕਾਵਿ ਵੰਨਗੀ: ਪੰਡਤ ਮੋਹਨ ਸਿੰਘ ਜੀ ਦੀ ਕਲਮ ਤੋਂ ਲਿਖੀਆਂ ਪੁਰਾਤਨ ਲੋਕ ਗਥਾਵਾਂ ਤੇ ਰਾਜਾ ਹਰੀਸ਼ ਚੰਦਰ, ਭਗਤ ਰਵਿਦਾਸ, ਭਗਤ ਸੁਦਾਮਾ, ਭਗਤ ਨਰਸੀ ਨਾਲ ਸੰਬੰਧਿਤ ਕਵਿਤਾਵਾਂ ਬਹੁਤ ਮਕਬੂਲ ਹੋਈਆਂ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ 1947 ਦੀ ਵੰਡ ਦੇ ਸੰਤਾਪ, ਮਾਪਿਆਂ ਦੇ ਸਤਿਕਾਰ, ਸੁੰਦਰਤਾ, ਜ਼ੋਰ ਤੇ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨ ਦੇ ਸੰਦਰਭ ਵਿਚ ਫੁਟਕਲ ਵਿਸ਼ਿਆਂ ਉੱਪਰ ਵੀ ਕਲਮ ਚਲਾਈ ਹੈ। ਪੰਡਿਤ ਮੋਹਨ ਸਿੰਘ ਘਰਿਆਲਾ ਦੀ ਕਵੀਸ਼ਰੀ ਦੀ ਵੰਨਗੀ ਨਿਮਨ ਅੰਕਿਤ ਹੈ। ਦੇਸ਼ ਭਗਤੀ ਦੇ ਸੰਦਰਭ ਵਿਚ ਲਿਖਦੇ ਹਨ।

*ਭਗਤ ਰੱਬ ਦਾ ਬਣਨਾ ਬੜਾ ਔਖਾ, ਔਖਾ ਦੇਸ਼ ਦਾ ਭਗਤ ਅਖਵਾਵਣਾ ਜੇ।*
*ਜਿਊਂਦੀ ਜਾਨ ਨੂੰ ਚਿਖਾ ਤੇ ਚਾੜ੍ਹ ਦੇਣਾ, ਸੜ ਵਾਂਗ ਪਤੰਗਿਆ ਜਾਵਣਾ ਜੇ।*
*ਕਾਲੇ ਪਾਣੀਆਂ ਦੀ ਸਜਾ ਮੰਨ ਲੈਣੀ, ਭਉਂ ਕੇ ਪਰਤ ਨਾ ਘਰ ਨੂੰ ਆਵਣਾ ਜੇ।*
*ਵਿਛੜ ਜਾਣਾ ਪਰਿਵਾਰ ਦੀ ਲੜੀ ਵਿਚੋਂ, ਜਾਇਦਾਤ ਨੂੰ ਕੁਰਕ ਕਰਵਾਵਣਾ ਜੇ।* [19]

1947 ਦੀ ਦੇਸ਼ ਵੰਡ ਵੇਲੇ ਇੱਕਲੀ ਬਚ ਕੇ ਆਈ ਇਕ ਬੱਚੀ ਦਾ ਦਰਦ ਕਵਿਤਾ 'ਚ ਇਉਂ ਬਿਆਨਦੇ ਹਨ-

*ਉਹ ਕਹਿੰਦੀ ਸਾਂਵੇਂ ਸਾਂਵਿਆਂ ਦੇ, ਮੈਨੂੰ ਸਾਂਵੇਂ ਰੱਤਾ ਨਾ ਛੱਡਿਆ ਹੈ,*
*ਪਿਉ ਦਾਦਾ ਜਿਸ ਥਾਂ ਵੱਸਦਾ ਸੀ, ਉਸ ਘਰ ਚੋਂ ਸਾਨੂੰ ਕੱਢਿਆ ਹੈ।*
*ਇਹ ਕਿਕਲੀ ਆਖਣ ਵੀਰੇ ਦੀ, ਮੇਰੇ ਵੀਰੇ ਕੱਤ ਵਹੀਰ ਗਏ,*
*ਮਾਂ ਰੁੰਦੀ ਪੂੜੇ ਤਲ ਦਿੰਦੀ, ਮੇਰੇ ਸੁੱਖ ਦੇ ਦਿਨ ਅਖੀਰ ਗਏ ।* [20]

*ਪ੍ਰਸੰਗ ਬੋਤਾ ਸਿੰਘ ਗਰਜਾ ਸਿੰਘ ਵਿਚੋਂ ਕਾਵਿ-ਵੰਨਗੀ ਨਿਮਨ ਅੰਕਿਤ ਹੈ*
*ਗੱਲਾਂ ਸੁਣ ਆ ਗਿਆ ਸਿੰਘਾਂ ਨੂੰ ਜੋਸ਼ ਜੀ, ਗਈਆਂ ਨਾ ਮੂਲ ਜਰੀਆਂ,*
*ਚਾਹੀਦਾ ਨੀ ਰਹਿਣਾ ਅਸਾਂ ਨੂੰ ਖ਼ਾਮੋਸ਼ ਜੀ, ਇਹ ਤਾਂ ਹੈਨ ਖਰੀਆਂ।*
*ਸੂਰਿਆਂ ਦੀ ਸਦਾ ਹੋਂਵਦੀ ਸਲੂਹਤ ਜੀ, ਜਿੰਨ੍ਹਾਂ ਨੇ ਮੌਤ ਮੰਗੀ ਐ,*
*ਅਣਖ ਦਾ ਜਿਊਣਾ ਮਰਦਾਂ ਦੀ ਮੌਤ ਜੀ, ਥੋੜੇ ਦਿਨ ਚੰਗੀ ਐ।* [21]

ਉਨ੍ਹਾਂ ਦੀ ਰਚੀ ਕਵਿਤਾ ਸਮੇਂ ਦੇ ਨਾਲ-ਨਾਲ ਵਹਿੰਦੀ ਹੋਈ ਮਾਨਵਤਾ ਦੇ ਭਲੇ ਹਿਤ ਉਡਾਣ ਭਰਦੀ ਰਹੀ। ਪੰਡਤ ਮੋਹਨ ਸਿੰਘ ਆਪਣੀ ਜ਼ਿੰਦਗੀ ਦੇ 6 ਦਹਾਕੇ ਕਵੀਸ਼ਰੀ ਨੂੰ ਸਮਰਪਿਤ ਕੀਤੇ 8 ਫਰਵਰੀ 2005 ਨੂੰ ਇਸ ਕਵੀਸ਼ਰ ਦਾ ਦਿਹਾਂਤ ਹੋਇਆ। ਕਵੀਸ਼ਰੀ ਦੀ ਉਪਮਾ ਵਿਚ ਵਰਤਮਾਨ ਨੌਜਵਾਨ ਸਿੱਖ ਪ੍ਰਚਾਰਕ ਕਵੀਸ਼ਰ ਗੁਰਜੰਟ ਸਿੰਘ ਲਿਖਦਾ ਹੈ-

*ਪਉਂਟਾ ਸਾਹਿਬ ਸਾਜ ਕੇ ਬਵੰਜਾ ਕਵੀ ਬਾਜਾਂ ਵਾਲੇ,*
*ਬਖਸ਼ਿਆ ਖਜ਼ਾਨਾ ਅਨਮੋਲ ਹੈ ਕਵੀਸ਼ਰੀ।*
*ਰੂਹਾਂ ਰੁਸ਼ਨਾਉਣ ਵਾਲੀ ਦਿਲ ਤਾਂਈਂ ਟੁੰਬਦੀ ਹੈ,*
*ਗੀਤਾਂ ਦੀਆਂ ਧੁਨਾਂ ਤੋਂ ਨਿਰੋਲ ਹੈ ਕਵੀਸ਼ਰੀ।*
*ਰੁੱਤ ਹੈ ਬਸੰਤ ਜਿਵੇਂ ਸੋਹਦੇ ਨੇ ਗੁਲਾਬ ਖਿੜੇ,*
*ਖਿੜੇ ਹੋਏ ਹਿਰਦਿਆਂ ਦਾ ਬੋਲ ਹੈ ਕਵੀਸ਼ਰੀ।*
*ਬੈਂਕੇ ਵਿਚ ਵੱਡੇ ਭਾਗ ਤੇਰੇ 'ਗੁਰਜੰਟ ਸਿੰਘਾ',*
*ਗੁਰੂ ਦੀ ਅਦੁਤੀ ਦਾਤ ਕੋਲ ਹੈ ਕਵੀਸ਼ਰੀ।* [22]

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਕਵੀਸ਼ਰੀ ਸਿਰਫ਼ ਇੱਕ ਕਲਾ ਨਹੀਂ, ਸਗੋਂ ਸਿੱਖ ਵਿਰਸੇ, ਧਾਰਮਿਕ ਚੇਤਨਾ, ਸਮਾਜਿਕ ਜਾਗਰੂਕਤਾ ਅਤੇ ਇਤਿਹਾਸਕ ਸੱਚਾਈ ਨੂੰ ਸੰਭਾਲਣ ਦਾ ਜੀਵੰਤ ਸਰੋਤ ਹੈ।

## *ਹਵਾਲੇ ਅਤੇ ਟਿੱਪਣੀਆਂ*


1. *Rose, H. A, 1997, A Glossary of Tribes and Castes of the Punjab and the North-west Froniter Province, Nirmal Publishers And Distributor, B-2, Vishal Enclave, New delhi, Page-134.*
2. *ਨਾਭਾ, ਕਾਨ੍ਹ ਸਿੰਘ, 1974, ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ: 312*
3. *ਗੁਰਦਾਸ, ਭਾਈ, ਵਾਰ 8, ਪਉੜੀ 9.*
4. *ਮੋਮੀ, ਬਲਬੀਰ ਸਿੰਘ, (ਡਾ.), 2014, ਪੰਜਾਬੀ ਕਵੀਸ਼ਰੀ ਇਤਿਹਾਸ ਤੇ ਪਰੰਪਰਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 149.*
5. *ਰਾਜਪੁਰਾ, ਅਲੀ, 2010, ਕਵੀਸ਼ਰ ਜੋਗਾ ਸਿੰਘ ਜੋਗੀ ਜੀਵਨ ਤੇ ਰਚਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਮੁਖਬੰਦ.*
6. *ਮੋਮੀ, ਬਲਬੀਰ ਸਿੰਘ, (ਡਾ.), 2014, ਪੰਜਾਬੀ ਕਵੀਸ਼ਰੀ ਇਤਿਹਾਸ ਤੇ ਪਰੰਪਰਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 95.*
7. *ਗੁਰਮੁਖ ਸਿੰਘ, 2024, ਇਤਿਹਾਸ ਨੂੰ ਜ਼ਿੰਦਾ ਰੱਖਣ ਵਾਲੇ ਅਨਮੋਲ ਹੀਰੇ, ਸਾਤਵਿਕ ਬੁੱਕਸ, ਅੰਮ੍ਰਿਤਸਰ, ਪੰਨਾ: 49.*
8. *ਉਹੀ, ਪੰਨਾ: 47.*
9. *ਗੁਰਮੁਖ ਸਿੰਘ, 2009, ਕਵੀਸ਼ਰੀ ਦਾ ਬੇਤਾਜ਼ ਬਾਦਸ਼ਾਹ ਜੋਗਾ ਸਿੰਘ ਜੋਗੀ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰਨਾ: 172.*
10. *ਉਹੀ, ਪੰਨਾ: 131.*
11. *ਉਹੀ, ਪੰਨਾ: 169.*
12. *ਕਰਨੈਲ ਸਿੰਘ, 2010, ਕੁੱਲੀ ਤੋਂ ਕਨੇਡਾ ਤੱਕ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰਨਾ: 83.*
13. *ਗੁਰਮੁਖ ਸਿੰਘ, 2024, ਇਤਿਹਾਸ ਨੂੰ ਜ਼ਿੰਦਾ ਰੱਖਣ ਵਾਲੇ ਅਨਮੋਲ ਹੀਰੇ, ਸਾਤਵਿਕ ਬੁੱਕਸ, ਅੰਮ੍ਰਿਤਸਰ, ਪੰਨਾ: 120.*
14. *ਕਰਨੈਲ ਸਿੰਘ, 2010, ਕੁੱਲੀ ਤੋਂ ਕਨੇਡਾ ਤੱਕ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰਨਾ: 43.*
15. *ਉਹੀ, ਪੰਨਾ: 58.*
16. *ਉਹੀ, ਪੰਨਾ: 59.*
17. *ਉਹੀ, ਪੰਨਾ: 88.*

18. ਮੋਹਨ ਸਿੰਘ, ਹੱਥ ਲਿਖਤ.
19. ਉਹੀ, ਹੱਥ ਲਿਖਤ.
20. ਉਹੀ, ਹੱਥ ਲਿਖਤ.
21. ਉਹੀ, ਹੱਥ ਲਿਖਤ.
22. ਬੈਂਕਾ, ਗੁਰਜੰਟ ਸਿੰਘ, ਹੱਥ ਲਿਖਤ.

*Cite this Article-*

*ਪਰਮਿੰਦਰ ਸਿੰਘ (Parminder Singh), ਪ੍ਰਮੁੱਖ ਸਿੱਖ ਪ੍ਰਚਾਰਕ ਕਵੀਸ਼ਰਾਂ ਦਾ ਯੋਗਦਾਨ (ਸਿੱਖੀ ਪ੍ਰਚਾਰ ਤੇ ਪ੍ਰਸੰਗਾਂ ਦੇ ਵਿਸ਼ੇਸ਼ ਸੰਦਰਭ ਵਿਚ) Parmukh Sikh Parchark Kavishran Da Yogdan (Sikhi Parchar Te Parsanga De Vishesh Sandarbh Vich), ਅਰਮਾਨ (ARMAAN), ISSN: 2583-9446 (O), Volume 3, Issue 4, October-December2025, Page: 07-14.*

*Journal URL: www.armaan.org.in*

*DOI: https://doi.org/10.64119/armaan.vol.3.issue4.02*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/